15-OCT-PAGE-1.qxd 10/14/2023 10:18 PM Page 1

ਐਤਵਾਰ, 15 ਅਕਤੂਬਰ, 2023
29 ਅੱਸੂ { ਨਾਨਕਸ਼ਾਹੀ 555 / ਬਿਕਰਮੀ 2080
ਜਿਲਦ/VOL. : 72
ਅੰਕ/NO. : 135

ਨਵਾਂ ਜ਼ਮਾਨਾ

DAILY NAWAN ZAMANA • SUNDAY, 15 OCTOBER, 2023
ਜਲੰਧਰ
nawan zamana TV

ਕੀਮਤ/PRICE : 5.00 ਰੁਪਏ | Regd. No : Pb/JL-123/2021-23, (R.N.I.)-00068/57 | E-mail : nawanzamana@gmail.com | www.nawanzamana.in | ਸਫ਼ੇ 8+6 : 14

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ

ਪੁੱਛ-ਗਿੱਛ (ਰਿਸੈਪਸ਼ਨ)	0181-5097300
ਇਸ਼ਤਿਹਾਰ ਵਿਭਾਗ	0181-5097302
ਸਾਹਿਤ ਸੰਪਾਦਕ (ਐਤਵਾਰਤਾ)	0181-5097305
ਕੰਪਿਊਟਰ ਰੂਮ	0181-5097310
ਵੈੱਬ ਟੀ ਵੀ	0181-5133160

ਇਜ਼ਰਾਈਲ ਵੱਲੋਂ ਗਾਜ਼ਾ ਦੀ ਘੇਰਾਬੰਦੀ

ਮਰਨ ਵਾਲਿਆਂ ਦੀ ਗਿਣਤੀ 2269 ਤੋਂ ਪਾਰ, ਹਸਪਤਾਲ ਲਾਸ਼ਾਂ ਨਾਲ ਭਰੇ

ਤੇਲ ਅਵੀਵ : ਇਜ਼ਰਾਈਲ ਅਤੇ ਹਮਾਸ ਦੀ ਜੰਗ ਦਾ ਸ਼ਨੀਵਾਰ ਅੱਠਵਾਂ ਦਿਨ ਹੈ। ਇਸ ਤੋਂ ਪਹਿਲਾ ਦੇਰ ਰਾਤ ਇਜ਼ਰਾਈਲੀ ਫੌਜ ਬਾਰਡਰ ਪਾਰ ਕਰਕੇ ਟੈਂਕਾਂ ਨਾਲ ਗਾਜ਼ਾ 'ਚ ਦਾਖ਼ਲ ਹੋ ਗਈ। ਇਜ਼ਰਾਈਲੀ ਫੌਜ ਨੇ ਕਿਹਾ ਕਿ ਉਹ ਆਪਣੇ ਬੰਧਕਾਂ ਨੂੰ ਛੁਡਾਉਣ ਲਈ ਗਾਜ਼ਾ 'ਚ ਦਾਖ਼ਲ ਹੋ ਗਈ ਹੈ। ਉਥੇ ਹੀ ਜੰਗ ਦਾ ਅਸਰ ਹੁਣ ਵੈੱਸਟ ਬੈਂਕ 'ਤੇ ਦਿਖਾਈ ਦੇ ਰਿਹਾ ਹੈ, ਉਥੇ 54 ਲੋਕਾਂ ਦੇ ਮਾਰੇ ਜਾਣ ਦੀ ਜਾਣਕਾਰੀ ਹੈ। ਇੱਥੇ ਹੁਣ ਤੱਕ 1100 ਤੋਂ ਵੱਧ ਲੋਕ ਜ਼ਖ਼ਮੀ ਹੋ ਗਏ ਹਨ। ਰਾਤ ਭਰ ਹੋਈ ਇਜ਼ਰਾਈਲ ਵੱਲੋਂ ਬੰਬਾਰੀ 'ਚ ਗਾਜ਼ਾ ਛੱਡ ਕੇ ਜਾ ਰਹੇ 70 ਲੋਕਾਂ ਦੀ ਮੌਤ ਹੋ ਗਈ। ਇਸ ਤੋਂ ਪਹਿਲਾਂ ਇਜ਼ਰਾਈਲ ਨੇ ਗਾਜ਼ਾ ਦੇ ਉਤਰੀ ਸ਼ਹਿਰ ਤੋਂ 11 ਲੱਖ ਲੋਕਾਂ ਨੂੰ ਦੱਖਣੀ ਗਾਜ਼ਾ 'ਚ ਜਾਣ ਦੀ ਚੇਤਾਵਨੀ ਦਿੱਤੀ ਸੀ।

ਫਲਸਤੀਨੀ ਸਿਹਤ ਮੰਤਰਾਲੇ ਨੇ ਸ਼ਨੀਵਾਰ ਦੱਸਿਆ ਕਿ ਬੀਤੀ 7 ਅਕਤੂਬਰ ਤੋਂ ਹੁਣ ਤੱਕ ਇਜ਼ਰਾਈਲ ਦੇ ਹਮਲਿਆਂ 'ਚ ਗਾਜ਼ਾ 'ਚ 2269 ਫਲਸਤੀਨੀਆਂ ਦੀ ਮੌਤ ਹੋ ਗਈ ਹੈ। ਇਨ੍ਹਾਂ 'ਚ 724 ਬੱਚੇ ਅਤੇ 370 ਔਰਤਾਂ ਸ਼ਾਮਲ ਹਨ। ਉਥੇ ਹੀ 8714 ਤੋਂ ਜ਼ਿਆਦਾ ਲੋਕ ਜ਼ਖ਼ਮੀ ਹੋਏ ਹਨ। ਦੂਜੇ ਪਾਸੇ ਇਜ਼ਰਾਈਲ ਨੇ ਕਿਹਾ ਕਿ ਉਸ ਨੇ ਲਗਭਗ 1500 ਅੱਤਵਾਦੀਆਂ ਨੂੰ ਮਾਰਿਆ ਹੈ।

ਯੂ ਐੱਨ ਚੀਫ਼ ਐਂਟੋਨੀਓ ਗੁਤੇਰਸ ਨੇ ਇਜ਼ਰਾਈਲ ਦੇ ਗਾਜ਼ਾ ਸਿਟੀ ਖਾਲੀ ਕਰਨ ਦੇ ਆਦੇਸ਼ਾਂ ਨੂੰ ਤੁਰੰਤ ਵਾਪਸ ਲੈਣ ਦੀ ਅਪੀਲ ਕੀਤੀ ਹੈ, ਉਥੇ ਹੀ ਇਜ਼ਰਾਈਲੀ ਬੰਬਾਰੀ ਦੇ ਡਰ ਤੋਂ ਉਤਰੀ ਗਾਜ਼ਾ ਦੇ ਲੋਕ ਪੈਦਲ ਹੀ ਆਪਣਾ ਘਰ-ਬਾਰ ਛੱਡ ਕੇ ਨਿਕਲ ਗਏ। ਇੱਕ ਰਿਪੋਰਟ ਮੁਤਾਬਕ ਲਗਭਗ 4 ਲੱਖ ਲੋਕ ਗਾਜ਼ਾ ਛੱਡ ਕੇ ਜਾ ਚੁੱਕੇ ਹਨ। ਇਸ ਦੌਰਾਨ ਹਮਾਸ ਵੱਲੋਂ ਲੈਬਨਾਨ ਤੋਂ ਭੇਜੇ ਗਏ ਦੋ ਡਰੋਨਾਂ ਨੂੰ ਇਜ਼ਰਾਈਲੀ ਫੌਜ ਨੇ ਨਸ਼ਟ ਕਰ ਦਿੱਤਾ। ਇਜ਼ਰਾਈਲੀ ਫੌਜ ਨੇ ਕਿਹਾ—ਉਸ ਨੇ ਹਮਾਸ 'ਨੁਖਬਾ' ਕਮਾਂਡੋ ਬਲ ਦੇ ਇੱਕ ਕੰਪਨੀ ਕਮਾਂਡਰ ● ਬਾਕੀ ਸਫ਼ਾ 2 'ਤੇ

ਮਾਰਿਆ ਗਿਆ ਹਮਾਸ ਏਅਰ ਫੋਰਸ ਚੀਫ਼

ਤੇਲ ਅਵੀਵ : ਹਮਾਸ ਦੇ ਹਮਲੇ ਤੋਂ ਬਾਅਦ ਇਜ਼ਰਾਈਲ ਲਗਾਤਾਰ ਗਾਜ਼ਾ ਪੱਟੀ 'ਤੇ ਹਮਲੇ ਕਰ ਰਿਹਾ ਹੈ। ਇਨ੍ਹਾਂ ਹਮਲਿਆਂ 'ਚ ਹਮਾਸ ਅੱਤਵਾਦੀ ਸਮੂਹ ਦਾ ਇੱਕ ਸੀਨੀਅਰ ਕਮਾਂਡਰ ਮਾਰਿਆ ਗਿਆ। 'ਦਿ ਟਾਇਮਜ਼ ਆਫ਼ ਇਜ਼ਰਾਇਲ' ਨੇ ਆਪਣੀ ਰਿਪੋਰਟ 'ਚ ਇਸ ਦਾ ਦਾਅਵਾ ਕੀਤਾ ਹੈ। ਇਜ਼ਰਾਇਲੀ ਫੌਜ ਦੇ ਹਵਾਲੇ ਤੋਂ ਰਿਪੋਰਟ 'ਚ ਗਿਆ ਹੈ ਕਿ ਹਵਾਈ ਹਮਲੇ 'ਚ ਹਮਾਸ ਦੇ ਹਵਾਈ ਵਿੰਗ ਦੇ ਪ੍ਰਮੁੱਖ ਮੁਰਾਦ ਅਬੂ ਮੁਰਾਦ ਦੀ ਮੌਤ ਹੋ ਗਈ। ਇਜ਼ਰਾਈਲੀ ਏਅਰ ਫੋਰਸ ਨੇ ਹਮਾਸ ਦੇ ਇੱਕ ਦਫ਼ਤਰ ਨੂੰ ਨਿਸ਼ਾਨਾ ਬਣਾਇਆ ਸੀ, ਜਿੱਥੇ ਅੱਤਵਾਦੀ ਸੰਗਠਨ ਆਪਣੀਆਂ ਹਵਾਈ ਗਤੀਵਿਧੀਆਂ ਨੂੰ ਕੰਟਰੋਲ ਕਰਦਾ ਸੀ। ਇਜ਼ਰਾਈਲੀ ਹਵਾਈ ਸੈਨਾ ਨੇ ਕਿਹਾ ਕਿ ਮੁਰਾਦ ਅਬੂ ਮੁਰਾਦ ਬੀਤੇ ਸ਼ਨੀਵਾਰ ਨੂੰ ਹੋਏ ਕਤਲੇਆਮ ਲਈ ਵੱਡੇ ਪੱਧਰ 'ਤੇ ਜ਼ਿੰਮੇਵਾਰ ਸੀ।

ਹਿਜ਼ਬੁੱਲ੍ਹਾ ਦੀ ਨੇਤਨਯਾਹੂ ਨੂੰ ਖੁੱਲ੍ਹੀ ਚੇਤਾਵਨੀ

ਬੇਰੂਤ : ਈਰਾਨ ਸਮਰਥਕ ਅੱਤਵਾਦੀ ਸੰਗਠਨ ਹਿਜ਼ਬੁੱਲ੍ਹਾ ਨੇ ਖੁੱਲ੍ਹੇ ਤੌਰ 'ਤੇ ਕਿਹਾ ਕਿ ਉਹ ਇਜ਼ਰਾਈਲ ਖਿਲਾਫ਼ ਜੰਗ 'ਚ ਹਮਾਸ ਦਾ ਸਾਥ ਦੇਵੇਗਾ। ਹਿਜ਼ਬੁੱਲ੍ਹਾ ਦਾ ਕਹਿਣਾ ਹੈ ਕਿ ਉਹ ਹਮਾਸ ਲਈ ਇਜ਼ਰਾਈਲੀ ਫੌਜ ਨਾਲ ਲੋਹਾ ਲੈਣ ਲਈ ਸਿੱਧੇ ਜ਼ਮੀਨ 'ਤੇ ● ਬਾਕੀ ਸਫ਼ਾ 2 'ਤੇ

ਮਿਜ਼ਾਇਲ ਹਮਲੇ 'ਚ ਪੱਤਰਕਾਰ ਦੀ ਮੌਤ, ਛੇ ਹੋਰ ਜ਼ਖ਼ਮੀ

ਤੇਲ ਅਵੀਵ : ਇਜ਼ਰਾਈਲ-ਹਮਾਸ ਯੁੱਧ ਵਿਚਾਲੇ ਇਜ਼ਰਾਈਲ ਨੇ ਹਿਜ਼ਬੁਲ੍ਹਾ ਦੇ ਅੱਤਵਾਦੀਆਂ ਦੇ ਟਿਕਾਣਿਆਂ ਨੂੰ ਨਿਸ਼ਾਨਾ ਬਣਾਉਣ ਦੇ ਮਕਸਦ ਨਾਲ ਸ਼ੁੱਕਰਵਾਰ ਨੂੰ ਦੱਖਣੀ ਲੈਬਨਾਨ 'ਤੇ ਮਿਜ਼ਾਇਲੀ ਹਮਲਾ ਕੀਤਾ। ਰਿਪੋਰਟਿੰਗ ਕਰਦੇ ਰਾਇਟਰ ਦੇ ਪੱਤਰਕਾਰ ਇਸਾਮ ਅਬਦੁੱਲਾ ਦੀ ਇਸ ਮਿਜ਼ਾਇਲ ਹਮਲੇ 'ਚ ਮੌਤ ਹੋ ਗਈ, ਉਹ ਇੱਕ ਵੀਡੀਓ ਜਰਨਲਿਸਟ ਸੀ। ਉਥੇ ਹੀ ਛੇ ਹੋਰ ਜਰਨਲਿਸਟ ● ਬਾਕੀ ਸਫ਼ਾ 2 'ਤੇ

ਇਜ਼ਰਾਈਲ ਬਰਬਰਤਾ ਦਾ ਜਵਾਬ ਬੇਰਹਿਮੀ ਨਾਲ ਦੇ ਰਿਹੈ : ਪੁਤਿਨ

ਮਾਸਕੋ : ਇਜ਼ਰਾਈਲ-ਹਮਾਸ ਯੁੱਧ ਨੂੰ ਲੈ ਕੇ ਰੂਸ ਦੇ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਨੇ ਕਿਹਾ ਕਿ ਹਮਾਸ ਨੇ ਇਜ਼ਰਾਈਲ 'ਤੇ ਕਰੂਰ ਹਮਲੇ ਕੀਤੇ, ਪਰ ਹੁਣ ਇਜ਼ਰਾਈਲ ਵੱਲੋਂ ਵੀ ਬੇਰਹਿਮੀ ਨਾਲ ਹਮਲੇ ਕੀਤੇ ਜਾ ਰਹੇ ਹਨ। ਰੂਸੀ ਰਾਸ਼ਰਪਤੀ ਯੂਕਰੇਨ ਯੁੱਧ ਦੀ ਸ਼ੁਰੂਆਤ ਤੋਂ ਬਾਅਦ ਪਹਿਲੀ ਵਾਰ ਦੇਸ਼ ਤੋਂ ਬਾਹਰ ਗਏ ਹਨ। ਕਿਰਗਿਸਤਾਨ ਦੀ ਰਾਜਧਾਨੀ 'ਚ ਉਨ੍ਹਾ ਪੱਤਰਕਾਰਾਂ ਨੂੰ ਕਿਹਾ ਕਿ ਰੂਸ ਨੂੰ ਇਸ ਗੱਲ ਦਾ ਇਲਮ ਹੈ ਕਿ ● ਬਾਕੀ ਸਫ਼ਾ 2 'ਤੇ

ਕੈਬਨਿਟ ਵੱਲੋਂ ਪੰਜਾਬ ਸਿਵਲ ਸਕੱਤਰੇਤ 'ਚ ਕਲਰਕਾਂ ਦੀਆਂ 106 ਆਸਾਮੀਆਂ ਭਰਨ ਨੂੰ ਮਨਜ਼ੂਰੀ

ਚੰਡੀਗੜ੍ਹ (ਗੁਰਜੀਤ ਬਿੱਲਾ)

ਸੂਬੇ ਦੇ ਨੌਜਵਾਨਾਂ ਲਈ ਸਰਕਾਰੀ ਨੌਕਰੀਆਂ ਦੇ ਹੋਰ ਮੌਕੇ ਖੋਲ੍ਹਣ ਦੀ ਕਵਾਇਦ ਜਾਰੀ ਰੱਖਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਕੈਬਨਿਟ ਨੇ ਆਮ ਰਾਜ ਪ੍ਰਬੰਧ ਵਿਭਾਗ, ਪੰਜਾਬ, ਸਿਵਲ ਸਕੱਤਰੇਤ ਚੰਡੀਗੜ੍ਹ 'ਚ ਕਲਰਕ ਕੇਡਰ ਦੀਆਂ 106 ਆਸਾਮੀਆਂ ਭਰਨ ਲਈ ਸਹਿਮਤੀ ਦੇ ਦਿੱਤੀ। ਇਸ ਸੰਬੰਧੀ ਫੈਸਲਾ ਮੁੱਖ ਮੰਤਰੀ ਦੀ ਅਗਵਾਈ ਹੇਠ ਇੱਥੇ ਪੰਜਾਬ ਸਿਵਲ ਸਕੱਤਰੇਤ-1 'ਚ ਉਨ੍ਹਾ ਦੇ ਦਫ਼ਤਰ 'ਚ ਹੋਈ ਮੰਤਰੀ ਮੰਡਲ ਦੀ ਮੀਟਿੰਗ ਵਿੱਚ ਲਿਆ ਗਿਆ। ਮੁੱਖ ਮੰਤਰੀ ਦਫ਼ਤਰ ਦੇ ਬੁਲਾਰੇ ਨੇ ਦੱਸਿਆ ਕਿ ਮੰਤਰੀ ਸਮੂਹ ਨੇ ਆਮ ਰਾਜ ਪ੍ਰਬੰਧ ਵਿਭਾਗ, ਪੰਜਾਬ ਸਿਵਲ ਸਕੱਤਰੇਤ, ਚੰਡੀਗੜ੍ਹ 'ਚ ਕਲਰਕ ਕੇਡਰ ਦੀਆਂ 106 ਆਸਾਮੀਆਂ (69 ਸੁਰਜੀਤ ਕੀਤੀਆਂ ਆਸਾਮੀਆਂ ਸਮੇਤ) ਭਰਨ ਦੀ ਤਜਵੀਜ਼ ਨੂੰ ਪ੍ਰਵਾਨ ਕਰ ਲਿਆ। ਇਨ੍ਹਾਂ ਆਸਾਮੀਆਂ 'ਤੇ ਭਰਤੀ ਪ੍ਰਕਿਰਿਆ ਮੁਕੰਮਲ ਹੋਣ ਤੋਂ ਬਾਅਦ ਪੰਜਾਬ ਸਿਵਲ ਸਕੱਤਰੇਤ, ਚੰਡੀਗੜ੍ਹ ਦਾ ਕੰਮਕਾਜ ਸੁਚਾਰੂ ਤਰੀਕੇ ਨਾਲ ਚੱਲ ਸਕੇਗਾ ਅਤੇ ਇੱਥੇ ਆਉਣ ਵਾਲੇ ਲੋਕਾਂ ਨੂੰ ਸਹੂਲਤ ਹੋਵੇਗੀ। ਇਸੇ ਤਰ੍ਹਾਂ ਨੌਜਵਾਨਾਂ ਨੂੰ ਰੁਜ਼ਗਾਰ ਦਾ ਮੌਕਾ ਵੀ ਮਿਲੇਗਾ ਅਤੇ ਉਹ ਸੂਬੇ ਦੇ ਸਮਾਜਕ-ਆਰਥਕ ਵਿਕਾਸ ਵਿੱਚ ਸਰਗਰਮ ਭਾਈਵਾਲ ਬਣਨਗੇ।

ਕੈਬਨਿਟ ਨੇ ਐੱਸ ਏ ਐਸ ਨਗਰ (ਮੁਹਾਲੀ), ਕਪੂਰਥਲਾ, ਹੁਸ਼ਿਆਰਪੁਰ, ਮਾਲੇਰਕੋਟਲਾ ਤੇ ਸੰਗਰੂਰ ਵਿੱਚ ਮੈਡੀਕਲ ਕਾਲਜਾਂ ਦੇ ਜਲਦੀ ਨਿਰਮਾਣ ਲਈ ਢੁਕਵਾਂ ਢਾਂਚਾ ਕਾਇਮ ਕਰਨ ਦੀ ਵੀ ਪ੍ਰਵਾਨਗੀ ਦੇ ਦਿੱਤੀ। ਪੰਜਾਬ ਵਾਸੀਆਂ ਨੂੰ ਲਾਭ ਦੇਣ ਲਈ ਸੂਬੇ ਨੂੰ ਦੇਸ਼ ਭਰ 'ਚੋਂ ਮੈਡੀਕਲ ● ਬਾਕੀ ਸਫ਼ਾ 2 'ਤੇ

ਬਲਾਕ ਪ੍ਰਧਾਨਾਂ ਤੇ ਸਰਕਲ ਇੰਚਾਰਜਾਂ ਦੇ ਅਹੁਦੇ ਭੰਗ

ਚੰਡੀਗੜ੍ਹ : ਆਮ ਆਦਮੀ ਪਾਰਟੀ ਨੇ ਸਾਰੇ ਬਲਾਕ ਪ੍ਰਧਾਨਾਂ ਤੇ ਸਰਕਲ ਇੰਚਾਰਜਾਂ ਨੂੰ ਉਨ੍ਹਾਂ ਦੇ ਅਹੁਦਿਆਂ ਤੋਂ ਹਟਾ ਦਿੱਤਾ ਹੈ। ਜਲਦੀ ਹੀ ਸਾਰੇ ਅਹੁਦਿਆਂ 'ਤੇ ਨਵੀਂਆਂ ਨਿਯੁਕਤੀਆਂ ਕੀਤੀਆਂ ਜਾਣਗੀਆਂ। ਪਾਰਟੀ ਦੇ ਕੌਮੀ ਜਨਰਲ ਸਕੱਤਰ (ਸੰਗਠਨ) ਡਾ. ਸੰਦੀਪ ਪਾਠਕ, ਪਾਰਟੀ ਦੇ ਸੂਬਾ ਪ੍ਰਧਾਨ ਭਗਵੰਤ ਮਾਨ ਤੇ ਕਾਰਜਕਾਰੀ ਪ੍ਰਧਾਨ ਪ੍ਰਿੰ. ਬੁੱਧ ਰਾਮ ਨੇ ਇਹ ਨਿਰਦੇਸ਼ ਜਾਰੀ ਕੀਤੇ ਹਨ। ਉਨ੍ਹਾਂ ਕਿਹਾ ਕਿ ਪਿਛਲੇ ਸਾਰੇ ਸਰਕਲ ਪ੍ਰਧਾਨਾਂ ਅਤੇ ਬਲਾਕ ਇੰਚਾਰਜਾਂ ਨੇ ਚੰਗਾ ਕੰਮ ਕੀਤਾ ਹੈ, ਪਰ ਹੁਣ ਹੋਰ ਨੌਜਵਾਨਾਂ ਨੂੰ ਵੀ ਪਾਰਟੀ ਦੀ ਸੇਵਾ ਕਰਨ ਦਾ ਮੌਕਾ ਦੇਣਾ ਚਾਹੀਦਾ ਹੈ। ਇਸ ਕਾਰਨ ਜਲਦੀ ਹੀ ਨਵੇਂ ਅਹੁਦੇਦਾਰਾਂ ਦਾ ਐਲਾਨ ਕੀਤਾ ਜਾਵੇਗਾ। ਲੋਕ ਸਭਾ ਚੋਣਾਂ ਅਤੇ ਨਿਗਮ ਚੋਣਾਂ ਤੋਂ ਪਹਿਲਾਂ ਨਵੇਂ ਕਾਰਜਕਾਰਨੀ ਮੈਂਬਰਾਂ ਦੀ ਚੋਣ ਕੀਤੀ ਜਾਵੇਗੀ, ਤਾਂ ਜੋ ਪਾਰਟੀ ਅੰਦਰ ਨਵੀਂ ਊਰਜਾ ਦਾ ਪ੍ਰਵਾਹ ਹੋ ਸਕੇ। ਆਮ ਆਦਮੀ ਪਾਰਟੀ ਲੁਧਿਆਣਾ ਦੇ ਜ਼ਿਲ੍ਹਾ ਪ੍ਰਧਾਨ ਸ਼ਰਨਪਾਲ ਸਿੰਘ ਮੱਕੜ ਨੇ ਕਿਹਾ ਕਿ ਆਮ ਆਦਮੀ ਪਾਰਟੀ ਹੀ ਇੱਕ ਅਜਿਹੀ ਪਾਰਟੀ ਹੈ, ਜੋ ਸਾਰੇ ਵਰਕਰਾਂ ਨੂੰ ਅਹਿਮ ਅਹੁਦਿਆਂ 'ਤੇ ਕੰਮ ਕਰਨ ਦਾ ਮੌਕਾ ਦਿੰਦੀ ਹੈ। ਪਾਰਟੀ ਜਲਦੀ ਹੀ ਨਵੇਂ ਅਹੁਦੇਦਾਰਾਂ ਦਾ ਐਲਾਨ ਕਰੇਗੀ।

ਲਸ਼ਕਰ-ਏ-ਤੋਇਬਾ ਦੇ 2 ਅੱਤਵਾਦੀ ਕਾਬੂ

2 ਆਈ ਈ ਡੀਜ਼, 2 ਹੈਂਡ ਗ੍ਰਨੇਡ, 8 ਡੈਟੋਨੇਟਰ ਤੇ ਪਿਸਤੌਲ ਬਰਾਮਦ

ਅੰਮ੍ਰਿਤਸਰ/ਚੰਡੀਗੜ੍ਹ (ਜਸਬੀਰ ਸਿੰਘ ਪੱਟੀ, ਗੁਰਜੀਤ ਬਿੱਲਾ)

ਪੰਜਾਬ ਪੁਲਸ ਨੇ ਕੇਂਦਰੀ ਏਜੰਸੀਆਂ ਨਾਲ ਮਿਲ ਕੇ ਅੱਤਵਾਦੀ ਸੰਗਠਨ ਲਸ਼ਕਰ-ਏ-ਤੋਇਬਾ (ਐੱਲ ਈ ਟੀ) ਦੀ ਹਮਾਇਤ ਪ੍ਰਾਪਤ ਅੱਤਵਾਦੀ ਮਡਿਊਲ ਦੇ ਦੋ ਕਾਰਕੁਨਾਂ ਦੀ ਗ੍ਰਿਫ਼ਤਾਰੀ ਨਾਲ ਸਰਹੱਦੀ ਸੂਬੇ 'ਚ ਸੰਭਾਵੀ ਅੱਤਵਾਦੀ ਹਮਲੇ ਦੀ ਕੋਸ਼ਿਸ਼ ਨੂੰ ਨਾਕਾਮ ਕਰ ਦਿੱਤਾ ਹੈ। ਡਾਇਰੈਕਟਰ ਜਨਰਲ ਆਫ ਪੁਲਸ (ਡੀ ਜੀ ਪੀ) ਪੰਜਾਬ ਗੌਰਵ ਯਾਦਵ ਨੇ ਦੱਸਿਆ ਕਿ ਇਸ ਅੱਤਵਾਦੀ ਮਡਿਊਲ ਨੂੰ ਲਸ਼ਕਰ-ਏ-ਤੋਇਬਾ ਦੇ ਸਰਗਰਮ ਮੈਂਬਰ ਫਿਰਦੌਸ ਅਹਿਮਦ ਭੱਟ ਦੁਆਰਾ ਚਲਾਇਆ ਜਾ ਰਿਹਾ ਹੈ। ਗ੍ਰਿਫਤਾਰ ਕੀਤੇ ਗਏ ਵਿਅਕਤੀਆਂ ਦੀ ਪਛਾਣ ਜੰਮੂ-ਕਸ਼ਮੀਰ ਦੇ ਰਾਜੌਰੀ ਖੁਦਵਾਨੀ ਦੇ ਉਜੈਰ ਉਲ ਹੱਕ ਅਤੇ ਖੇਰਵਾਨ ਦੇ ਰਾਜ ਮੁਹੰਮਦ ਅੰਦਲੀਬ ਵਜੋਂ ਹੋਈ ਹੈ। ਪੁਲਸ ਨੇ ਇਨ੍ਹਾਂ ਦੇ ਕਬਜ਼ੇ 'ਚੋਂ ਦੋ ਇੰਪਰੋਵਾਈਜ਼ਡ ਐਕਸਪਲੋਸਿਵ ਡਿਵਾਈਸ (ਆਈ ਈ ਡੀ), ਦੋ ਹੈਂਡ ਗਰਨੇਡ, ਦੋ ਮੈਗਜ਼ੀਨਾਂ ਸਮੇਤ ਇੱਕ .30 ਬੋਰ ਦਾ ਪਿਸਤੌਲ ਅਤੇ 24 ਕਾਰਤੂਸ, ਅੱਠ ਡੈਟੋਨੇਟਰ, ਇੱਕ ਟਾਈਮਰ ਸਵਿੱਚ ਅਤੇ ਚਾਰ ਬੈਟਰੀਆਂ ਬਰਾਮਦ ਕੀਤੀਆਂ ਹਨ।

ਡੀ ਜੀ ਪੀ ਨੇ ਕਿਹਾ ਕਿ ਖੁਫੀਆ ਜਾਣਕਾਰੀ ਮਿਲਣ ਕਿ ਲਸ਼ਕਰ-ਏ-ਤੋਇਬਾ ਵੱਲੋਂ ਹਥਿਆਰਾਂ ਅਤੇ ਵਿਸਫੋਟਕਾਂ ਦੀਆਂ ਵੱਡੀਆਂ ਖੇਪਾਂ ਦੀ ਤਸਕਰੀ ਲਈ ਪੰਜਾਬ ਦੀ ਸਰਹੱਦ ਦੀ ਵਰਤੋਂ ਕੀਤੀ ਜਾ ਰਹੀ ਹੈ ਅਤੇ ਇਸ ਮਡਿਊਲ ਦੇ ਦੋ ਮੈਂਬਰਾਂ ਵੱਲੋਂ ਕੱਥੂਨੰਗਲ ਖੇਤਰ ਵਿੱਚ ਇਹ ਖੇਪ ਪ੍ਰਾਪਤ ਕੀਤੇ ਜਾਣ ਦੀ ਸੰਭਾਵਨਾ ਹੈ, ਪੰਜਾਬ ਪੁਲਸ ਅੰਮ੍ਰਿਤਸਰ ਦੇ ਐੱਸ ਐੱਸ ਓ ਸੀ ਵਿੰਗ ਨੇ ਕੇਂਦਰੀ ਏਜੰਸੀਆਂ ਨਾਲ ● ਬਾਕੀ ਸਫ਼ਾ 2 'ਤੇ

ਤੁਰਕੀ 'ਚ ਰੂਸੀ ਡਿਪਲੋਮੈਟ ਦੀ ਭੇਦਭਰੀ ਹਾਲਤ 'ਚ ਮੌਤ

ਇਸਤੰਬੁਲ : ਤੁਰਕੀ ਦੀ ਰਾਜਧਾਨੀ ਇਸਤੰਬੁਲ 'ਚ ਰੂਸ ਦੇ ਟਾਪ ਡਿਪਲੋਮੈਟ ਨਿਕੋਲੇ ਕੋਬ੍ਰੀਨੇਟਸ ਦੀ ਭੇਦਭਰੀ ਹਾਲਤ 'ਚ ਮੌਤ ਹੋ ਗਈ। ਇੱਕ ਹੋਟਲ ਦੇ ਕਮਰੇ 'ਚ ਉਨ੍ਹਾ ਦੀ ਲਾਸ਼ ਮਿਲੀ ਹੈ। ਤੁਰਕੀ ਪੁਲਸ ਮਾਮਲੇ ਦੀ ਜਾਂਚ ਲਈ ਹੋਟਲ ਦੇ ਸੀ ਸੀ ਟੀ ਵੀ ਫੁਟੇਜ਼ ਖੰਗਾਲ ਰਹੀ ਹੈ। ਮਾਹਰ ਫਿੰਗਰ ਪ੍ਰਿੰਟਾਂ ਦੇ ਨਿਸ਼ਾਨਾਂ ਦੀ ਜਾਂਚ ਕਰ ਰਹੇ ਹਨ। ਮੀਡੀਆ ਰਿਪੋਰਟਾਂ ਮੁਤਾਬਕ ਉਹ ਕਈ ਦੇਸ਼ਾਂ ਦੇ ਰਾਜਦੂਤਾਂ ਦੇ ਨਾਲ ਹੋਣ ਵਾਲੇ ਸਿਖਰ ਸੰਮੇਲਨ 'ਚ ਸ਼ਾਮਲ ਹੋਣ ਲਈ ਤੁਰਕੀ ਗਏ ਸਨ। ਇਹ ਮਾਮਲਾ ਰੂਸੀ ਅਧਿਕਾਰੀਆਂ ਅਤੇ ਬਿਜ਼ਨੈੱਸਮੈਨ ਦੀਆਂ ਸ਼ੱਕੀ ਮੌਤਾਂ ਦੀ ਲੜੀ 'ਚ ਨਵਾਂ ਜੁੜ ਗਿਆ ਹੈ। ਨਿਕੋਲੇ ਜਦ ਸਵੇਰੇ ਮੀਟਿੰਗ 'ਚ ਨਾ ਪਹੁੰਚੇ ਤਾਂ ਉਨ੍ਹਾ ਦੇ ਸਾਥੀ ਮੁਲਾਜ਼ਮਾਂ ਨੇ ਚਿੰਤਾ ਪ੍ਰਗਟ ਕੀਤੀ। ਇਸ ਦੌਰਾਨ ਉਨ੍ਹਾ ਦੇ ਹੋਟਲ ਦੇ ਕਮਰੇ ਦੀ ਜਾਂਚ ਕੀਤੀ, ਜਿੱਥੇ ਉਹ ਮ੍ਰਿਤਕ ਮਿਲੇ। ਸ਼ੁਰੂਆਤੀ ਜਾਂਚ ਰਿਪੋਰਟ 'ਚ ਪਤਾ ਚੱਲਿਆ ਕਿ ਦਿਲ ਦਾ ਦੌਰਾ ਪੈਣ ਨਾਲ ਉਨ੍ਹਾ ਦੀ ਮੌਤ ਹੋਈ, ਪਰ ਪੁਲਸ ਹੱਤਿਆ ਦੇ ਐਂਗਲ ਤੋਂ ਵੀ ਮਾਮਲੇ ਦੀ ਜਾਂਚ ਕਰ ਰਹੀ ਹੈ। ਨਿਕੋਲੇ ਕੋਬ੍ਰੀਨੇਟਸ ਦੀ ਲਾਸ਼ ਨੂੰ ਪੋਸਟਮਾਰਟਮ ਲਈ ਭੇਜ ਦਿੱਤਾ ਗਿਆ ਹੈ।

ਇਜ਼ਰਾਈਲ ਤੋਂ 235 ਭਾਰਤੀ ਨਾਗਰਿਕ ਦੂਜੀ ਉਡਾਣ ਰਾਹੀਂ ਵਤਨ ਪਰਤੇ

ਨਵੀਂ ਦਿੱਲੀ : 'ਅਪਰੇਸ਼ਨ ਅਜੈ' ਤਹਿਤ ਇਜ਼ਰਾਈਲ ਦੇ ਤਲ ਅਵੀਵ ਤੋਂ 235 ਭਾਰਤੀ ਨਾਗਰਿਕਾਂ ਨੂੰ ਲੈ ਕੇ ਦੂਜੀ ਉਡਾਣ ਸ਼ਨੀਵਾਰ ਸਵੇਰੇ ਨਵੀਂ ਦਿੱਲੀ ਦੇ ਇੰਦਰਾ ਗਾਂਧੀ ਅੰਤਰਰਾਸ਼ਟਰੀ ਹਵਾਈ ਅੱਡੇ 'ਤੇ ਉਤਰੀ।

ਇਸ ਮੌਕੇ ਭਾਰਤੀ ਨਾਗਰਿਕਾਂ ਦਾ ਹਵਾਈ ਅੱਡੇ 'ਤੇ ਕੇਂਦਰੀ ਵਿਦੇਸ਼ ਰਾਜ ਮੰਤਰੀ ਰਾਜਕੁਮਾਰ ਰੰਜਨ ਸਿੰਘ ਨੇ ਸਵਾਗਤ ਕੀਤਾ। ਇਜ਼ਰਾਈਲ-ਹਮਾਸ ਜੰਗ ਦੌਰਾਨ ਫਸੇ 447 ਭਾਰਤੀ ਨਾਗਰਿਕਾਂ ਨੂੰ 'ਅਪਰੇਸ਼ਨ ਅਜੈ' ਤਹਿਤ ਭਾਰਤ ਵਾਪਸ ਲਿਆਂਦਾ

15-OCT-PAGE-1.qxd 10/14/2023 10:17 PM Page 2

ਦੁਸਹਿਰੇ ਮੌਕੇ ਕਿਸਾਨ ਜਥੇਬੰਦੀਆਂ ਜਲਾਉਣਗੀਆਂ ਮੋਦੀ ਸਰਕਾਰ ਦੇ ਪੁਤਲੇ

ਮੋਗਾ (ਅਮਰਜੀਤ ਬੱਬਰੀ)-ਭਾਰਤੀ ਕਿਸਾਨ ਯੂਨੀਅਨ (ਕਰਾਂਤੀਕਾਰੀ) ਜ਼ਿਲ੍ਹਾ ਕਮੇਟੀ ਮੋਗਾ ਦੀ ਮੀਟਿਗ ਗੁਰੂਦੁਆਰਾ ਤੰਬੂ ਮੱਲ ਡਗਰੂ (ਮੋਗਾ) ਵਿਖੇ ਯੂਨੀਅਨ ਦੇ ਚੇਅਰਮੈਨ ਸੁਰਜੀਤ ਸਿੰਘ ਫੂਲ ਦੀ ਪ੍ਰਧਾਨਗੀ ਹੇਠ ਹੋਈ।ਬਲਾਕ ਪ੍ਰਧਾਨ ਜਗਮੋਹਨ ਸਿੰਘ ਕੰਗ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ 16 ਜਥੇਬੰਦੀਆਂ ਦੇ ਸਾਂਝੇ ਧੜੇ ਦੀਆਂ ਲਗਾਤਾਰ ਹੋ ਰਹੀਆਂ ਸਰਗਮੀਆਂ ਤੋਂ ਪ੍ਰਭਾਵਿਤ ਹੋ ਕੇ ਚਾਰ ਹੋਰ ਜਥੇਬੰਦੀਆਂ ਸ਼ਾਮਲ ਹੋ ਗਈਆਂ ਹਨ, ਹੁਣ 20 ਜਥੇਬੰਦੀਆਂ ਦਾ ਸਾਂਝਾ ਪਲੇਟਫਾਰਮ ਬਣ ਗਿਆ ਹੈ।ਬਲਾਕ ਪ੍ਰਧਾਨ ਗੁਰਜੀਤ ਸਿੰਘ ਜਲਾਲਾਬਾਦ ਨੇ ਕਿਹਾ ਕਿ ਮੋਦੀ ਸਰਕਾਰ ਨੇ ਫਾਸ਼ੀਵਾਦੀ ਰੂਪ ਧਾਰਕੇ ਕਿਸਾਨ ਅੰਦੋਲਨ ਦੀਆਂ ਸਹੀ ਖਬਰਾਂ ਨਸ਼ਰ ਕਰਨ ਵਾਲੇ ਤੇ ਗੋਦੀ ਮੀਡੀਆ ਬਣਨ ਤੋਂ ਇਨਕਾਰੀ ਨਿਊਜ਼ ਕਲਿੱਕ ਦੇ ਪੱਤਰਕਾਰਾਂ ਨੂੰ ਚੁੱਪ ਕਰਾਉਣ ਲਈ ਦਿੱਲੀ ਵਿੱਚ ਉਨ੍ਹਾਂ ਦੇ ਘਰਾਂ ਵਿੱਚ ਛਾਪੇਮਾਰੀ ਕੀਤੀ ਹੈ।ਮਸ਼ਹੂਰ ਬੁੱਧੀਜੀਵੀ ਲੇਖਿਕਾ ਸ਼੍ਰੀਮਤੀ ਅਰੁੰਧਿਤੀ ਰਾਇ 'ਤੇ ਭੜਕਾਊ ਭਾਸ਼ਣ ਦੇਣ ਦਾ ਦੋਸ਼ ਲਾ ਕੇ ਪੁਲਸ ਕੇਸ ਦਰਜ ਕੀਤਾ ਹੈ ਤੇ ਪਹਿਲਾਂ ਵੀ ਦਰਜਨਾਂ ਬੁੱਧੀਜੀਵੀ ਜੇਲ੍ਹਾਂ ਵਿੱਚ ਬੰਦ ਕੀਤੇ ਹੋਏ ਹਨ।ਮੋਦੀ ਸਰਕਾਰ ਫਾਸ਼ੀਵਾਦੀ ਰੂਪ ਧਾਰ ਚੁੱਕੀ ਹੈ।ਵਿਸ਼ਾਲ ਏਕਾ ਹੀ ਅਜਿਹੀਆਂ ਹਰਕਤਾਂ ਤੋਂ ਸਰਕਾਰ ਨੂੰ ਰੋਕ ਸਕਦਾ ਹੈ। ਗੁਰਦੀਪ ਸਿੰਘ ਵੈਰੋਕੇ ਸੂਬਾ ਮੀਤ ਪ੍ਰਧਾਨ ਨੇ ਦੱਸਿਆ ਕਿ 20 ਜਥੇਬੰਦੀਆਂ ਦੇ ਸੱਦੇ 'ਤੇ ਦੁਸਹਿਰੇ ਵਾਲੇ ਦਿਨ ਵੱਡੇ ਇਕੱਠ ਕਰਕ ਮੋਦੀ ਸਰਕਾਰ ਦੇ ਵੱਡੇ ਪੁਤਲੇ ਬਣਾ ਕੇ ਅਗਨ ਭੇਟ ਕੀਤੇ ਜਾਣਗੇ।ਮੋਗਾ, ਫਰੀਦਕੋਟ ਤੇ ਫਿਰੋਜ਼ਪੁਰ ਜ਼ਿਲ੍ਹੇ ਦੀਆਂ ਜਥੇਬੰਦੀਆਂ ਵੱਲੋਂ ਜ਼ੀਰਾ ਵਿੱਚ ਵੱਡਾ ਇਕੱਠ ਕਰਕੇ ਫਾਸ਼ੀਵਾਦੀ ਮੋਦੀ ਹਕੂਮਤ 'ਬਦੀ ਦੀ ਤਾਕਤ' ਨੂੰ ਅਗਨ ਭੇਟ ਕੀਤਾ ਜਾਵੇਗਾ।

ਮਾਂ ਚਿੰਤਪੁਰਨੀ ਦਰਬਾਰ ਲਈ 11ਵੀਂ ਡਾਕ ਧਵੱਜ ਯਾਤਰਾ ਰਵਾਨਾ

ਮੁਕਤਸਰ (ਸ਼ਮਿੰਦਰਪਾਲ, ਪੂਜਾ)-ਜੈ ਮਾਂ ਚਿੰਤਪੁਰਨੀ ਲੰਗਰ ਕਮੇਟੀ ਵੱਲੋਂ 11ਵੀਂ ਡਾਕ ਝੰਡਾ ਯਾਤਰਾ ਮਾਂ ਚਿੰਤਪੁਰਨੀ ਦਰਬਾਰ ਲਈ ਰਵਾਨਾ ਕੀਤੀ ਗਈ। ਯਾਤਰਾ ਰਵਾਨਗੀ ਤੋਂ ਪਹਿਲਾਂ ਵਿਧੀ-ਵਿਧਾਨ ਦੇ ਨਾਲ ਸੁਭਾਸ਼ ਚੰਦਰ ਬਹਿਲ ਜੀ ਦੇ ਪਰਿਵਾਰ ਵੱਲੋਂ ਝੰਡਾ ਪੂਜਨ ਕੀਤਾ ਗਿਆ। ਇਸ ਡਾਕ ਝੰਡਾ ਯਾਤਰਾ ਵਿੱਚ ਸ਼ਹਿਰ ਦੀਆਂ ਧਾਰਮਿਕ ਤੇ ਰਾਜਨੀਤਕ ਪਾਰਟੀਆਂ ਦੇ ਆਗੂਆਂ ਨੇ ਪਹੁੰਚ ਕੇ ਮਾਤਾ ਰਾਣੀ ਦਾ ਆਸ਼ੀਰਵਾਦ ਪ੍ਰਾਪਤ ਕੀਤਾ। ਝੰਡਾ ਪੂਜਨ ਉਪਰੰਤ ਮਾਂ ਚਿੰਤਪੁਰਨੀ ਭਜਨ ਮੰਡਲੀ ਦੇ ਸੇਵਕ ਨੀਟਾ ਗਗਨੇਜਾ ਵੱਲੋਂ ਮਾਤਾ ਰਾਣੀ ਦੀਆਂ ਸੁੰਦਰ ਭੇਟਾਂ ਦਾ ਗੁਣਗਾਣ ਕੀਤਾ ਗਿਆ। ਇਸ ਝੰਡਾ ਪੂਜਣ ਵਿੱਚ ਆਈਆਂ ਸੰਗਤਾਂ ਨੇ ਨੱਚ ਕੇ ਆਪਣੀ ਹਾਜ਼ਰੀ ਲਗਵਾਈ। ਝੰਡਾ ਪੂਜਨ ਉਪਰੰਤ ਕੰਜਕ ਪੂਜਨ ਵੀ ਕੀਤਾ ਗਿਆ। ਇਸ ਮੌਕੇ ਭਾਜਪਾ ਦੇ ਹਲਕਾ ਇੰਚਾਰਜ ਪੁਸ਼ਪਿੰਦਰ ਸਿੰਘ ਭੰਡਾਰੀ ਵੱਲੋਂ ਝੰਡਾ ਯਾਤਰਾ 'ਤੇ ਜਾਣ ਵਾਲੇ ਸ਼ਰਧਾਲੂਆਂ ਦੇ ਜੱਥੇ ਨੂੰ ਮਾਂ ਚਿੰਤਪੁਰਨੀ ਦਰਬਾਰ ਲਈ ਰਵਾਨਾ ਕੀਤਾ। ਇਸ ਮੌਕੇ ਲੰਗਰ ਕਮੇਟੀ ਦੇ ਪ੍ਰਧਾਨ ਵਿਸ਼ਨੂੰ ਬਾਂਸਲ, ਰਾਜਨ ਬਾਂਸਲ, ਸੁਭਾਸ਼ ਨਾਗਪਾਲ, ਅੰਮ੍ਰਿਤਪਾਲ ਗਰਗ, ਅਸ਼ੋਕ ਖਿੱਲਾਂ, ਰਮੇਸ਼ ਕੁਮਾਰ, ਟੀਨੂੰ ਸੋਢੀ, ਰਾਕੇਸ਼ ਜੱਗਾ, ਰਕੇਸ਼ ਗੁਪਤਾ, ਰਾਣਾ ਬਹਿਲ, ਬਲਰਾਜ ਬਹਿਲ, ਕੁੱਕੀ ਬਹਿਲ, ਗੋਲਡੀ ਬਹਿਲ, ਅਸ਼ੋਕ ਚੁੱਘ, ਨਰੇਸ਼ ਕੋਚਾ ਹਾਜ਼ਰ ਸਨ।

ਜੇ ਐੱਸ ਐੱਸ ਫਾਊਂਡੇਸ਼ਨ ਨੇ ਬੱਚਿਆਂ ਨੂੰ ਵਰਦੀਆਂ ਵੰਡੀਆਂ

ਸਮਰਾਲਾ (ਸੁਰਜੀਤ ਸਿੰਘ)-ਸਰਕਾਰੀ ਪ੍ਰਾਇਮਰੀ ਸਕੂਲ ਕੰਨਿਆ ਸਮਰਾਲਾ ਵਿਖੇ ਜੇ ਐੱਸ ਐੱਸ ਫਾਊਂਡੇਸ਼ਨ ਵੱਲੋਂ ਸਾਰੇ ਹੀ ਸਕੂਲ ਦੇ ਬੱਚਿਆਂ ਨੂੰ ਫ੍ਰੀ ਵਰਦੀਆਂ ਵੰਡੀਆਂ ਗਈਆਂ ਤੇ ਟਰੈਕ ਸੂਟ ਵੀ ਵੰਡੇ ਗਏ। ਫਾਊਂਡੇਸ਼ਨ ਵੱਲੋਂ ਕੁੱਲ 189 ਬੱਚਿਆਂ ਨੂੰ ਵਰਦੀਆਂ ਤੇ ਸਪੋਰਟਸ ਦੇ ਬੱਚਿਆਂ ਨੂੰ 20 ਟਰੈਕ ਸੂਟ ਵੰਡੇ ਗਏ। ਜੇ ਐੱਸ ਐੱਸ ਫਾਊਂਡੇਸ਼ਨ ਦੇ ਮੈਂਬਰ ਵਿਭੂ ਗੁਪਤਾ ਨੇ ਦੱਸਿਆ ਕਿ ਸਾਡੀ ਸੰਸਥਾ ਪਿਛਲੇ ਕਈ ਸਾਲਾਂ ਤੋਂ ਸਕੂਲਾਂ 'ਚ ਵਰਦੀਆਂ, ਧਾਰਮਿਕ ਸਥਾਨਾਂ 'ਤੇ ਲੰਗਰ ਤੇ ਲੋੜਵੰਦਾਂ ਦੀ ਮਦਦ ਕਰਦੀ ਰਹਿੰਦੀ ਹੈ। ਕੌਂਸਲਰ ਸਨੀ ਦੂਆ ਨੇ ਕਿਹਾ ਕਿ ਸਾਰੀਆਂ ਸੰਸਥਾਵਾਂ ਨੂੰ ਲੋੜਵੰਦਾਂ ਦੀ ਮਦਦ ਕਰਨੀ ਚਾਹੀਦੀ ਹੈ ਤੇ ਇਹੋ ਜਿਹੇ ਉਪਰਾਲੇ ਕਰਨੇ ਚਾਹੀਦੇ ਹਨ। ਇਸ ਮੌਕੇ ਮੈਂਬਰ ਅਲੀਸ਼ਾ ਗੁਪਤਾ, ਗੌਰਵ ਅਰੋੜਾ ਲੁਧਿਆਣਾ, ਅਮਰ ਨਾਥ ਟਾਂਗਰਾ, ਪ੍ਰਿੰਸੀਪਲ ਮਨਪ੍ਰੀਤ ਕੌਰ, ਟੀਚਰ ਇਸ਼ੂ ਦੂਆ, ਟੀਚਰ ਬਲਜੀਤ ਕੌਰ ਆਦਿ ਹਾਜ਼ਰ ਸਨ।

ਹਾਰਵਰਡ ਕਾਨਵੈਂਟ ਸਕੂਲ 'ਚ ਪੰਜਾਬੀ ਵਿਰਸੇ ਨਾਲ ਸੰਬੰਧਤ ਪ੍ਰਦਰਸ਼ਨੀ

ਬਾਘਾ ਪੁਰਾਣਾ (ਮਨੀ ਸਿੰਗਲਾ)-ਸਥਾਨਕ ਹਾਰਵਰਡ ਕਾਨਵੈਂਟ ਸੀਨੀ: ਸੈਕੰ: ਸਕੂਲ ਵੱਲੋਂ ਇੱਕ ਖਾਸ ਉਪਰਾਲਾ ਕੀਤਾ ਗਿਆ, ਜਿਸ ਵਿੱਚ ਬੱਚਿਆਂ ਨੂੰ ਉਨ੍ਹਾ ਦੇ ਪੁਰਾਤਨ ਤੇ ਅਮੀਰ ਪੰਜਾਬੀ ਵਿਰਸੇ ਨਾਲ ਸੰਬੰਧਤ ਵੱਖ-ਵੱਖ ਚੀਜ਼ਾਂ ਦੀ ਪ੍ਰਦਰਸ਼ਨੀ ਲਗਾਈ ਗਈ, ਜਿਸ ਵਿੱਚ ਚਰਖੇ, ਟਿੰਡਾਂ ਵਾਲਾ ਖੂਹ, ਗੱਡਾ, ਖੇਤੀਬਾੜੀ ਦੇ ਪੁਰਾਣੇ ਸੰਦ, ਪੁਰਾਣੇ ਟੈਲੀਵੀਜ਼ਨ, ਚੱਕੀ ਆਦਿ ਸ਼ਾਮਲ ਸਨ, ਜਿਸ ਦਾ ਸਕੂਲ ਦੇ ਅਧਿਆਪਕਾਂ, ਵਿਦਿਆਰਥੀਆਂ ਤੇ ਉਨ੍ਹਾਂ ਦੇ ਮਾਪਿਆਂ ਨੇ ਖੂਬ ਅਨੰਦ ਮਾਣਿਆ। ਇਸ ਮੌਕੇ ਸੰਬੋਧਨ ਕਰਦੇ ਹੋਏ ਸਕੂਲ ਚੇਅਰਮੈਨ ਨਵਦੀਪ ਸਿੰਘ ਬਰਾੜ ਤੇ ਪ੍ਰਿੰਸੀਪਲ ਮੈਡਮ ਅਨੀਲਾ ਨੇ ਕਿਹਾ ਕਿ ਅੱਜ ਦੇ ਅਜੋਕੇ ਸਮੇਂ ਵਿੱਚ ਬੱਚਿਆਂ ਨੂੰ ਉਨ੍ਹਾਂ ਦੀਆਂ ਅਸਲ ਜੜ੍ਹਾਂ ਨਾਲ ਜੋੜਨਾ ਬਹੁਤ ਜ਼ਰੂਰੀ ਹੈ ਤੇ ਹਰੇਕ ਪੰਜਾਬੀ ਦਾ ਇਹ ਫਰਜ਼ ਬਣਦਾ ਹੈ ਕਿ ਉਹ ਆਉਣ ਵਾਲੀ ਪੀੜ੍ਹੀ ਨੂੰ ਆਪਣੇ ਅਮੀਰ ਵਿਰਸੇ ਬਾਰੇ ਜਾਣੂ ਕਰਵਾਏ। ਉਨ੍ਹਾ ਦੱਸਿਆ ਕਿ ਹਾਰਵਰਡ ਸਕੂਲ ਇਲਾਕੇ ਦੀ ਪਹਿਲੀ ਸੰਸਥਾ ਹੈ, ਜੋ ਬੱਚਿਆਂ ਨੂੰ ਪੜ੍ਹਾਈ ਦੇ ਨਾਲ ਨਾਲ ਉਨ੍ਹਾਂ ਦੇ ਸਰਬਪੱਖੀ ਵਿਕਾਸ ਲਈ ਵੀ ਵਚਨਬੱਧ ਹੈ। ਇਸ ਸਮੇਂ ਸੀਨੀ: ਕੋਆਰਡੀਨੇਟਰ ਧਰਮਦਾਸ ਸਿੰਘ, ਮਿਡਲ ਵਿੰਗ ਕੋਆਰਡੀਨੇਟਰ ਕਮਲਜੀਤ ਕੌਰ, ਪ੍ਰਾਇਮਰੀ ਵਿੰਗ ਕੋਆਰਡੀਨੇਟਰ ਗੀਤਾ ਸ਼ਰਮਾ ਸਮੇਤ ਸਮੂਹ ਟੀਚਿੰਗ ਤੇ ਨਾਨ-ਟੀਚਿੰਗ ਸਟਾਫ ਸ਼ਾਮਲ ਸਨ।

ਸਾਂਝ ਕੇਂਦਰ ਦੀ ਟੀਮ ਨੇ ਬਜ਼ੁਰਗ ਮਾਤਾ ਨੂੰ ਘਰੇਲੂ ਸਾਮਾਨ ਦਿੱਤਾ

ਮਲੋਟ (ਗੁਰਮੀਤ ਸਿੰਘ ਮੱਕੜ)-ਮਾਨਯੋਗ ਸਪੈਸ਼ਲ ਡਾਇਰੈਕਟਰ ਜਨਰਲ ਪੁਲਸ ਕਮਿਊਨਟੀ ਅਫੇਅਰਜ਼ ਡਵੀਜ਼ਨ ਪੰਜਾਬ, ਸੀਨੀਅਰ ਕਪਤਾਨ ਪੁਲਸ ਸ਼੍ਰੀ ਮੁਕਤਸਰ ਸਾਹਿਬ ਸ਼੍ਰੀ ਭਾਗੀਰਥ ਸਿੰਘ ਮੀਨਾ ਆਈ.ਪੀ.ਐਸ. ਤੇ ਕਪਤਾਨ ਪੁਲਸ (ਸਥਾਨਕ) ਕਮ ਜ਼ਿਲ੍ਹਾ ਕਮਿਊਨਿਟੀ ਪੁਲਸ ਅਫ਼ਸਰ ਸ਼੍ਰੀ ਕੁਲਵੰਤ ਰਾਏ ਪੀ.ਪੀ.ਐਸ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਮੁੱਖ ਅਫ਼ਸਰ-ਕਮ-ਚੇਅਰਮੈਨ ਸਾਂਝ ਕਮੇਟੀ ਥਾਣਾ ਸਦਰ ਮਲੋਟ ਇੰਸਪੈਕਟਰ ਜਸਵੀਰ ਸਿੰਘ ਦੀ ਅਗਵਾਈ ਵਿੱਚ ਸਾਂਝ ਕੇਂਦਰ ਥਾਣਾ ਸਦਰ ਮਲੋਟ ਵੱਲੋਂ ਚੈਰੀਟੇਬਲ ਪ੍ਰੋਗਰਾਮ ਤਹਿਤ ਪਿੰਡ ਮਲੋਟ ਦੇ ਬਜ਼ੁਰਗ ਮਾਤਾ ਸੁਖਵਿੰਦਰ ਕੌਰ ਨੂੰ ਘਰ ਵਿੱਚ ਵਰਤਣ ਵਾਲਾ ਘਰੇਲੂ ਸਾਮਾਨ ਦਿੱਤਾ ਗਿਆ। ਇਸ ਮੌਕੇ ਏ.ਐਸ.ਆਈ. ਅਮਨਪ੍ਰੀਤ ਸਿੰਘ, ਏ.ਐੱਸ.ਆਈ. ਸੁਖਵਿੰਦਰ ਸਿੰਘ ਤੇ ਸਿਪਾਹੀ ਰਸ਼ਪਾਲ ਸਿੰਘ ਸਾਂਝ ਕੇਂਦਰ ਸਟਾਫ ਹਾਜ਼ਰ ਸੀ।

ਤੋਲਾਵਾਲ 'ਚ 738 ਮਰੀਜ਼ਾਂ ਦੀਆਂ ਅੱਖਾਂ ਦਾ ਕੀਤਾ ਨਿਰੀਖਣ

ਚੀਮਾ ਮੰਡੀ (ਰਵਿੰਦਰ ਚੀਮਾ)-ਯੂਥ ਸਪੋਰਟਸ ਕਲੱਬ ਤੋਲਾਵਾਲ ਵੱਲੋਂ ਸ਼ਹੀਦ ਗੁਰਬਿੰਦਰ ਸਿੰਘ ਦੀ ਯਾਦ ਵਿੱਚ ਅੱਖਾਂ ਦਾ ਪੰਜਵਾਂ ਮੁਫ਼ਤ ਆਪ੍ਰੇਸ਼ਨ ਕੈਂਪ ਪਿੰਡ ਦੀ ਹਰੀ ਪੱਤੀ ਦੇ ਗੁਰਦੁਆਰਾ ਸਾਹਿਬ ਵਿਖੇ ਲਾਇਆ ਗਿਆ। ਕਲੱਬ ਦੇ ਪ੍ਰਧਾਨ ਅਜਾਇਬ ਸਿੰਘ ਤੇ ਸਾਬਕਾ ਸਰਪੰਚ ਨਿਰਮਲ ਸਿੰਘ ਨੇ ਦੱਸਿਆ ਕਿ ਇਸ ਕੈਂਪ ਦੌਰਾਨ ਸ਼ੰਕਰਾ ਆਈ ਹਸਪਤਾਲ ਲੁਧਿਆਣਾ ਦੇ ਡਾਕਟਰਾਂ ਦੀ ਟੀਮ ਵੱਲੋਂ 738 ਮਰੀਜ਼ਾਂ ਦੀਆਂ ਅੱਖਾਂ ਦਾ ਨਿਰੀਖਣ ਕੀਤਾ ਗਿਆ ਤੇ 65 ਮਰੀਜ਼ਾਂ ਦੀ ਅੱਖਾਂ ਦੇ ਆਪ੍ਰੇਸ਼ਨਾਂ ਲਈ ਚੋਣ ਕੀਤੀ ਗਈ। ਇਨ੍ਹਾਂ ਮਰੀਜ਼ਾਂ ਦੇ ਆਪ੍ਰੇਸ਼ਨ 19 ਅਕਤੂਬਰ ਨੂੰ ਸ਼ੰਕਰਾ ਆਈ ਹਸਪਤਾਲ ਲੁਧਿਆਣਾ ਵਿਖੇ ਮੁਫ਼ਤ ਕੀਤੇ ਜਾਣਗੇ। ਕੈਂਪ ਵਿੱਚ ਮਰੀਜ਼ਾਂ ਨੂੰ ਲੋੜੀਂਦੀਆਂ ਦਵਾਈਆਂ ਮੁਫਤ ਦਿੱਤੀਆਂ ਗਈਆਂ। ਕੈਂਪ ਦਾ ਉਦਘਾਟਨ ਜਗਤਜੀਤ ਗਰੁੱਪ ਚੀਮਾ ਦੇ ਐੱਮ ਡੀ ਜਗਤਜੀਤ ਸਿੰਘ ਨੇ ਕੀਤਾ। ਉਨ੍ਹਾਂ ਕਲੱਬ ਵੱਲੋਂ ਕੀਤੇ ਇਸ ਉਪਰਾਲੇ ਦੀ ਸ਼ਲਾਘਾ ਕੀਤੀ। ਕੈਂਪ ਦੌਰਾਨ ਸਰਕਾਰੀ ਪ੍ਰਾਇਮਰੀ ਸਕੂਲ ਤੇ ਹਾਈ ਸਕੂਲ ਦੇ ਪੜ੍ਹਾਈ ਤੇ ਖੇਡਾਂ ਵਿੱਚ ਮੋਹਰੀ ਰਹੇ ਵਿਦਿਆਰਥੀਆਂ ਦਾ ਕਲੱਬ ਵੱਲੋਂ ਵਿਸ਼ੇਸ਼ ਤੌਰ 'ਤੇ ਸਨਮਾਨ ਕੀਤਾ ਗਿਆ। ਇਸ ਮੌਕੇ ਮਨਦੀਪ ਕੌਰ ਪ੍ਰਿੰਸੀਪਲ ਹਾਈ ਸਕੂਲ ਤੋਲਾਵਾਲ, ਪਰਮਜੀਤ ਇੰਚਾਰਜ ਪ੍ਰਾਇਮਰੀ ਸਕੂਲ, ਜਗਰਾਜ ਸਿੰਘ, ਸੁਖਚੈਨ ਸਿੰਘ, ਮਨਧੀਰ ਸਿੰਘ ਗਰੇਵਾਲ, ਕਾਲਾ ਸਿੰਘ, ਹਰਬੰਸ ਸਿੰਘ, ਕਰਮਜੀਤ ਸਿੰਘ ਤੇ ਬਘੇਰਾ ਸਿੰਘ ਨੰਬਰਦਾਰ ਸ਼ਾਮਲ ਸਨ।

ਜ਼ੀਰਾ 'ਤੇ ਪਰਚਾ ਦਰਜ ਕਰਨਾ ਨਿੰਦਣਯੋਗ : ਆਸ਼ੂ ਬੰਗੜ

ਮਮਦੋਟ (ਹਰਪਾਲ ਸਿੰਘ ਸੋਢੀ)-ਸਰਪੰਚਾਂ ਦੇ ਹੱਕ ਵਿੱਚ ਅਵਾਜ਼ ਬੁਲੰਦ ਕਰਨ ਤੇ ਜ਼ਿਲ੍ਹਾ ਪ੍ਰਧਾਨ ਕੁਲਬੀਰ ਸਿੰਘ ਜ਼ੀਰਾ 'ਤੇ ਪਰਚਾ ਦਰਜ ਕਰਨਾ ਬਹੁਤ ਹੀ ਮੰਦਭਾਗੀ ਗੱਲ ਹੈ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਆਸ਼ੂ ਬੰਗੜ ਹਲਕਾ ਇੰਚਾਰਜ ਕਾਂਗਰਸ ਪਾਰਟੀ ਫਿਰੋਜ਼ਪੁਰ ਦਿਹਾਤੀ ਨੇ ਕੀਤਾ। ਉਨ੍ਹਾ ਕਿਹਾ ਕਿ ਪੰਜਾਬ ਸਰਕਾਰ ਦੇ ਪੌਣੇ ਦੋ ਸਾਲ ਦੇ ਬਦਲਾਅ ਨੇ ਪੰਚਾਇਤਾਂ ਦੇ ਕੀਤੇ ਹੋਏ ਕੰਮਾਂ ਦੇ ਪੈਸੇ ਰੋਕੇ ਹੋਏ ਸਨ, ਜਿਸ ਦੇ ਰੋਸ ਵਜੋਂ ਬਲਾਕ ਜ਼ੀਰਾ ਵਿੱਚ ਕੁਲਬੀਰ ਸਿੰਘ ਜ਼ੀਰਾ ਜ਼ਿਲ੍ਹਾ ਪ੍ਰਧਾਨ ਕਾਂਗਰਸ ਕਮੇਟੀ ਫ਼ਿਰੋਜ਼ਪੁਰ ਵੱਲੋਂ ਵੱਡੀ ਗਿਣਤੀ ਵਰਕਰਾਂ ਨਾਲ ਧਰਨਾ ਪ੍ਰਦਰਸ਼ਨ ਕੀਤਾ ਗਿਆ ਸੀ ਅਤੇ ਸਬੰਧਤ ਏ ਡੀ ਸੀ ਵੱਲੋਂ ਮੌਕੇ 'ਤੇ ਪਹੁੰਚ ਕਰਕੇ ਮੰਗਾਂ ਮੰਨਣ ਦਾ ਹਵਾਲਾ ਦੇਣ ਉਪਰੰਤ ਧਰਨਾ ਖਤਮ ਕਰ ਦਿੱਤਾ ਗਿਆ ਸੀ, ਜਿਸ ਤੋਂ ਬਾਅਦ ਦੂਜੇ ਦਿਨ ਸਵੇਰੇ ਹੀ ਜ਼ੀਰਾ ਤੇ ਹੋਰ ਸਾਥੀਆਂ ਉਪਰ ਸਰਕਾਰ ਦੇ ਦਬਾਅ ਹੇਠ ਲੋਕ ਤੰਤਰ ਦਾ ਘਾਣ ਕਰਕੇ ਕੇਸ ਦਰਜ ਕਰ ਦਿੱਤਾ ਗਿਆ, ਜਿਸ ਦੀ ਹਲਕਾ ਫਿਰੋਜ਼ਪੁਰ ਦਿਹਾਤੀ ਕਾਂਗਰਸ ਪਾਰਟੀ ਦੀ ਟੀਮ ਕਰੜ ਸ਼ਬਦਾਂ ਵਿਚ ਨਿੰਦਾ ਕਰਦੀ ਹੈ ਅਤੇ ਪਾਰਟੀ ਹਾਈਕਮਾਨ ਤੇ ਸਰਦਾਰ ਕੁਲਬੀਰ ਸਿੰਘ ਜ਼ੀਰਾ ਨੂੰ ਵਿਸ਼ਵਾਸ ਦਿਵਾਉਂਦੇ ਹਾਂ ਕਿ ਉਨ੍ਹਾਂ ਨਾਲ ਮੋਢੇ ਨਾਲ ਮੋਢਾ ਜੋੜ ਕੇ ਹਰ ਵਕਤ ਨਾਲ ਖੜਨਗੇ।

ਇੰਗਲਿਸ਼ ਸਟੂਡੀਓ ਨੇ ਲਵਾਇਆ ਕੈਨੇਡਾ ਦਾ ਸਟੱਡੀ ਵੀਜ਼ਾ

ਬਾਘਾ ਪੁਰਾਣਾ (ਮਨੀ ਸਿੰਗਲਾ)-ਇੰਗਲਿਸ਼ ਸਟੂਡੀਓ ਸੰਸਥਾ, ਜੋ ਕੋਟਕਪੂਰਾ ਰੋਡ 'ਤੇ ਬਾਘਾ ਪੁਰਾਣਾ ਵਿਖੇ ਪੈਟ੍ਰੋਲ ਪੰਪ ਦੇ ਸਾਹਮਣੇ ਹੈ, ਇਥੇ ਵਿਦਿਆਰਥੀਆਂ ਨੂੰ ਸਾਰੀਆਂ ਆਧੁਨਿਕ ਤੇ ਬੁਨਿਆਦੀ ਸਹੂਲਤਾਂ ਪ੍ਰਧਾਨ ਕੀਤੀਆਂ ਜਾਂਦੀਆਂ ਹਨ। ਇਥੇ ਆਈਲਟਸ ਕਰਕੇ ਵਿਦਿਆਰਥੀ ਆਪਣੇ ਵਿਦੇਸ਼ ਜਾਣ ਦੇ ਸੁਪਨਿਆਂ ਨੂੰ ਸਾਕਾਰ ਕਰ ਰਹੇ ਹਨ। ਇਹ ਸੰਸਥਾ ਤੇ ਗੈਪ ਵਾਲੇ ਕੇਸਾਂ ਵਿੱਚ ਮਾਹਰ ਹੈ ਅਤੇ ਲਗਾਤਾਰ ਵਿਦਿਆਰਥੀਆਂ ਦੇ ਬਾਹਰ ਜਾ ਕੇ ਪੜ੍ਹਾਈ ਕਰਨ ਦੇ ਸੁਪਨਿਆਂ ਨੂੰ ਸਾਕਾਰ ਕਰ ਰਹੀ ਹੈ। ਇਸ ਵਾਰ ਇਸ ਸੰਸਥਾ ਦੀ ਵਿਦਿਆਰਥਣ ਰਮਨਦੀਪ ਕੌਰ ਸਪੁੱਤਰੀ ਸੁਖਚੈਨ ਸਿੰਘ ਵਾਸੀ ਪਿੰਡ ਫਤਿਹਪੁਰ ਕੰਨੀਆ ਦਾ ਕੈਨੇਡਾ ਦੇ ਸਰੀ ਵਿੱਚ ਸਥਿਤ ਕੋਕਿਟਲਮ ਕਾਲਜ ਦਾ ਸਟਡੀ ਵੀਜ਼ਾ ਬਹੁਤ ਹੀ ਘੱਟ ਸਮੇਂ ਵਿੱਚ ਲਗਵਾ ਕੇ ਦਿੱਤਾ ਹੈ। ਸੰਸਥਾ ਦੇ ਮੁਖੀ ਪੰਕਜ ਬਾਂਸਲ ਤੇ ਗੌਰਵ ਕਾਲੜਾ ਨੇ ਵਿਦਿਆਰਥਣ ਦੇ ਉੱਜਵਲ ਭਵਿੱਖ ਦੀ ਕਾਮਨਾ ਕੀਤੀ।

ਚੰਡੀਗੜ੍ਹ ਰੈਲੀ 'ਚ ਸ਼ਾਮਲ ਹੋਣ ਲਈ ਪਸਸਫ ਵਰਕਰ ਰਵਾਨਾ

ਜ਼ੀਰਾ (ਨਰਿੰਦਰ ਅਨੇਜਾ)-ਪੰਜਾਬ, ਯੂ ਟੀ ਮੁਲਾਜ਼ਮ ਤੇ ਪੈਨਸ਼ਨਰਜ਼ ਸਾਂਝਾ ਫਰੰਟ ਵੱਲੋਂ ਮੁਲਾਜ਼ਮ ਮੰਗਾਂ ਨੂੰ ਲੈ ਕੇ 39 ਸੈਕਟਰ ਮੋਹਾਲੀ ਵਿਖੇ ਹੋ ਰਹੀ ਸੂਬਾ ਪੱਧਰੀ ਰੈਲੀ ਵਿੱਚ ਜ਼ਿਲ੍ਹਾ ਫਿਰੋਜ਼ਪੁਰ ਦੇ ਪਸਸਫ ਦੇ ਜ਼ਿਲ੍ਹਾ ਪ੍ਰਧਾਨ ਗੁਰਦੇਵ ਸਿੰਘ ਸਿੱਧੂ ਦੀ ਅਗਵਾਈ ਵਿੱਚ ਵੱਖ ਵੱਖ ਵਿਭਾਗਾਂ ਦੀਆਂ ਜਥੇਬੰਦੀਆਂ ਦੇ ਆਗੂ ਤੇ ਵਰਕਰ ਸ਼ਹਿਰ ਦੇ ਬੱਸ ਸਟੈਂਡ ਤੋਂ ਵੱਡੇ ਕਾਫਲੇ ਦੇ ਰੂਪ 'ਚ ਰਵਾਨਾ ਹੋਏ। ਇਸ ਸਬੰਧੀ ਜਾਣਕਾਰੀ ਦਿੰਦਿਆਂ ਪੰਜਾਬ ਸੁਬਾਰਡੀਨੇਟ ਸਰਵਿਸਿਜ਼ ਫੈਡਰੇਸ਼ਨ ਦੇ ਜ਼ਿਲ੍ਹਾ ਪ੍ਰਧਾਨ ਗੁਰਦੇਵ ਸਿੰਘ ਸਿੱਧੂ, ਜ਼ਿਲ੍ਹਾ ਜਨਰਲ ਸਕੱਤਰ

15-Oct-PAGE-11-Majha-23.qxd 10/14/2023 10:32 PM Page 1

ਚਿੱਪ ਵਾਲੇ ਮੀਟਰ ਲਗਾਉਣ ਦੇ ਵਿਰੋਧ 'ਚ ਧਰਨਾ ਪ੍ਰਦਰਸ਼ਨ

ਗੁਰਦਾਸਪੁਰ (ਜਨਕ ਮਹਾਜਨ)- ਕਿਰਤੀ ਕਿਸਾਨ ਯੂਨੀਅਨ, ਉਸਾਰੀ ਮਿਸਤਰੀ ਮਜ਼ਦੂਰ ਯੂਨੀਅਨ ਅਤੇ ਪੇਂਡੂ ਮਜ਼ਦੂਰ ਯੂਨੀਅਨ ਦੀ ਅਗਵਾਈ ਵਿਚ ਚਿੱਪ ਵਾਲੇ ਮੀਟਰ ਲਗਾਉਣ ਦੇ ਵਿਰੋਧ ਵਿਚ ਪੰਜਾਬ ਰਾਜ ਪਾਵਰਕਾਮ ਕਾਰਪੋਰੇਸ਼ਨ ਦੀ ਸਬ ਡਵੀਜ਼ਨ ਬਹਿਰਾਮਪੁਰ ਵਿਖੇ ਵਿਸ਼ਾਲ ਧਰਨਾ ਦਿੱਤਾ ਗਿਆ ਜਿਸ ਵਿਚ ਵੱਡੀ ਗਿਣਤੀ ਔਰਤਾਂ ਵੀ ਸ਼ਾਮਿਲ ਸਨ।

ਇਸ ਧਰਨੇ ਨੂੰ ਸੰਬੋਧਨ ਕਰਦਿਆਂ ਆਗੂ ਸਤਿਬੀਰ ਸਿੰਘ ਸੁਲਤਾਨੀ, ਸੁਖਦੇਵ ਰਾਜ ਇਵਟੂ ਆਗੂ ਅਤੇ ਪੇਂਡੂ ਮਜ਼ਦੂਰ ਯੂਨੀਅਨ ਦੇ ਆਗੂ ਰਾਜ ਕੁਮਾਰ ਨੇ ਕਿਹਾ ਕਿ ਕੇਂਦਰ ਅਤੇ ਪੰਜਾਬ ਸਰਕਾਰ ਸੰਸਾਰ ਬੈਂਕ, ਅੰਤਰਰਾਸ਼ਟਰੀ ਮੁਦਰਾ ਕੋਸ਼ ਅਤੇ ਸੰਸਾਰ ਵਪਾਰ ਸੰਸਥਾ ਦੁਆਰਾ ਨਿਰਦੇਸ਼ਾਂ 'ਤੇ ਸੰਸਾਰੀਕਰਨ, ਉਦਾਰੀਕਰਨ ਤੇ ਨਿੱਜੀਕਰਨ ਦੀਆਂ ਨੀਤੀਆਂ ਲਾਗੂ ਕਰ ਰਹੀਆਂ ਹਨ। ਉਨ੍ਹਾਂ ਕਿਹਾ ਕਿ ਕੇਂਦਰ ਅਤੇ ਸੂਬਾ ਸਰਕਾਰਾਂ ਕਿਸਾਨਾਂ, ਮਜ਼ਦੂਰਾਂ ਨੂੰ ਮਿਲਦੀਆਂ ਮੁਫ਼ਤ ਸੇਵਾਵਾਂ ਖੋਹਣ ਦੇ ਯਤਨ ਕਰ ਰਹੀਆਂ ਹਨ। ਕਿਰਤੀ ਕਿਸਾਨ ਯੂਨੀਅਨ ਅਤੇ ਹੋਰ ਜਥੇਬੰਦੀਆਂ ਵਲੋਂ ਲਗਾਤਾਰ ਵਿਰੋਧ ਜਾਰੀ ਹੈ। ਇਸ ਮੌਕੇ ਆਗੂਆਂ ਨੇ ਐੱਸਡੀਓ ਨੂੰ ਇਕ ਮੰਗ ਪੱਤਰ ਸੌਂਪਿਆ ਅਤੇ ਮੰਗ ਕੀਤੀ ਕਿ ਪਿੰਡਾਂ ਵਿਚ ਚਿੱਪ ਵਾਲੇ ਮੀਟਰ ਲਗਾਉਣ ਦੀ ਮੁਹਿਮ ਬੰਦ ਕੀਤੀ ਜਾਵੇ। ਇਸ ਮੌਕੇ ਕਿਰਤੀ ਕਿਸਾਨ ਯੂਨੀਅਨ ਦੇ ਜ਼ਿਲ੍ਹਾ ਪ੍ਰਧਾਨ ਤਰਲੋਕ ਸਿੰਘ, ਜਤਿੰਦਰ ਬਿੱਟੂ, ਮੁਖ਼ਤਿਆਰ ਸਿੰਘ, ਸਰਪੰਚ ਜਸਬੀਰ ਸਿੰਘ, ਜਰਨੈਲ ਸਿੰਘ, ਲਖਵਿੰਦਰ ਸਿੰਘ, ਪਰਮਜੀਤ ਰਤਨਗੜ੍ਹ, ਮੇਜਰ ਸਿੰਘ ਆਦਿ ਹਾਜ਼ਰ ਸਨ।

ਕੇਂਦਰੀ ਸਭਾ ਵੱਲੋਂ ਪੰਜਾਬੀ ਭਾਸ਼ਾ ਦਾ ਦਰਜਾ ਘਟਾਉਣ ਦੀ ਨਿਖੇਧੀ

ਅੰਮ੍ਰਿਤਸਰ (ਨਜ਼ਸ)—ਪਿਛਲੇ ਕਈ ਦਹਾਕਿਆਂ ਤੋਂ ਮਾਤ ਭਾਸ਼ਾ ਪੰਜਾਬੀ ਦੇ ਹੱਕ ਵਿੱਚ ਸੰਘਰਸ਼ ਕਰ ਰਹੀ ਕੇਂਦਰੀ ਪੰਜਾਬੀ ਲੇਖਕ ਸਭਾ ਰਜਿ. ਵਲੋਂ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਪੰਜਾਬੀ ਵਿਰੋਧੀ ਲਏ ਗਏ ਫੈਸਲੇ ਦੀ ਨਿਖੇਧੀ ਕੀਤੀ ਗਈ ਹੈ। ਕੇਂਦਰੀ ਸਭਾ ਦੇ ਪ੍ਰਧਾਨ ਦਰਸ਼ਨ ਬੁੱਟਰ, ਜਨਰਲ ਸਕੱਤਰ ਸੁਸ਼ੀਲ ਦੁਸਾਂਝ ਅਤੇ ਸੀਨੀਅਰ ਮੀਤ ਪ੍ਰਧਾਨ ਡਾ. ਹਰਜਿੰਦਰ ਸਿੰਘ ਅਟਵਾਲ ਦੇ ਹਵਾਲੇ ਨਾਲ ਕਥਾਕਾਰ ਦੀਪ ਦੇਵਿੰਦਰ ਸਿੰਘ ਨੇ ਦੱਸਿਆ ਕਿ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਵਿਭਾਗ 'ਭਾਸ਼ਾ-ਵਿਗਿਆਨ ਅਤੇ ਪੰਜਾਬੀ ਕੋਸ਼ਕਾਰੀ' ਵਿਭਾਗ ਵੱਲੋਂ ਪਿਛਲੇ ਕੁੱਝ ਸਾਲਾਂ ਤੋਂ ਸਿਲੇਬਸ ਵਿੱਚ ਕਾਂਟ-ਛਾਂਟ ਕੀਤੀ ਜਾ ਰਹੀ ਹੈ ਜਿਸ ਤਹਿਤ ਸਿਲੇਬਸ ਵਿੱਚੋਂ ਪੰਜਾਬੀ ਦੇ ਭਾਸ਼ਾ ਵਿਗਿਆਨ ਨਾਲ ਸੰਬੰਧਿਤ ਵਿਸ਼ੇ ਅਤੇ ਮਹੱਤਵਪੂਰਨ ਹਿੱਸੇ ਗਾਇਬ ਕੀਤੇ ਗਏ ਹਨ। ਉਨ੍ਹਾਂ ਦੱਸਿਆ ਕਿ ਇਹ ਵਿਭਾਗ 'ਮਾਨਵ-ਵਿਗਿਆਨਕ ਭਾਸ਼ਾ-ਵਿਗਿਆਨ ਅਤੇ ਪੰਜਾਬੀ ਭਾਸ਼ਾ' ਦਾ ਐੱਮ. ਏ. ਦਾ ਕੋਰਸ ਕਰਾਉਂਦਾ ਹੈ ਅਤੇ ਇਹ ਦੁਨੀਆ ਦਾ ਇੱਕੋ-ਇੱਕ ਵਿਭਾਗ ਹੈ ਜਿੱਥੇ ਪੰਜਾਬੀ ਭਾਸ਼ਾ ਵਿਗਿਆਨ ਨੂੰ ਸਮਰਪਤ ਐੱਮ. ਏ. ਕੋਰਸ ਪੜ੍ਹਾਇਆ ਜਾਂਦਾ ਹੋਵੇ। ਪਿਛਲੇ ਸਾਲਾਂ ਵਿੱਚ ਇਸ ਵਿਭਾਗ ਦੇ ਕੋਰਸ ਵਿੱਚੋਂ ਪੰਜਾਬੀ ਭਾਸ਼ਾ ਨਾਲ ਸੰਬੰਧਿਤ ਵਿਸ਼ੇ ਹਟਾਏ, ਕੁੱਝ ਨੂੰ ਚੋਣਵੇਂ ਬਣਾ ਦਿੱਤਾ ਅਤੇ ਕੁੱਝ ਬੇਹੱਦ ਮਹੱਤਵਪੂਰਨ ਵਿਸ਼ੇ ਜਿਹੜੇ ਪੰਜਾਬੀ ਦੇ ਭਾਸ਼ਾ-ਵਿਗਿਆਨ ਨਾਲ ਸੰਬੰਧਿਤ ਸਨ ਉਨ੍ਹਾਂ ਵਿੱਚੋਂ ਪੰਜਾਬੀ ਵਾਲੇ ਹਿੱਸੇ ਗਾਇਬ ਕਰ ਦਿੱਤੇ ਜੋ ਕਿ ਬੇਹੱਦ ਨਿੰਦਣਯੋਗ ਹੈ। ਜਿਥੇ ਇਸ ਪੰਜਾਬੀ ਵਿਰੋਧੀ ਫੈਸਲੇ ਦੀ ਜਾਂਚ ਹੋਣੀ ਚਾਹੀਦੀ ਹੈ ਉਥੇ ਪੰਜਾਬੀ ਯੂਨੀਵਰਸਿਟੀ ਅਤੇ ਇਸ ਵਿਭਾਗ ਦੇ ਅਸਲ ਉਦੇਸ਼, ਪੰਜਾਬੀ ਦੇ ਗਿਆਨ ਅਤੇ ਭਾਸ਼ਾ ਵਿਗਿਆਨ ਨੂੰ ਪ੍ਰਫੁੱਲਿਤ ਕਰਨ ਵਿੱਚ ਆਉਂਦੀਆਂ ਰੁਕਾਵਟਾਂ ਦੀ ਸ਼ਨਾਖਤ ਕਰਨੀ ਚਾਹੀਦੀ ਹੈ।

ਕੇਂਦਰੀ ਸਭਾ ਦੇ ਅਹੁਦੇਦਾਰ ਸੁਰਿੰਦਰਪ੍ਰੀਤ ਘਣੀਆਂ, ਮਨਜੀਤ ਇੰਦਰਾ, ਭੁਪਿੰਦਰ ਕੌਰ ਪ੍ਰੀਤ, ਸ਼ੈਲਿੰਦਰਜੀਤ ਰਾਜਨ, ਦਲਜੀਤ ਸਿੰਘ ਸਾਹੀ, ਬਲਵਿੰਦਰ ਸਿੰਘ ਸੰਧੂ, ਮੂਲ ਚੰਦ ਸ਼ਰਮਾ, ਰਜਿੰਦਰ ਸਿੰਘ ਰਾਜਨ, ਡਾ. ਕਰਮਜੀਤ ਸਿੰਘ ਅਤੇ ਮੱਖਣ ਕੁਹਾੜ ਨੇ ਕਿਹਾ ਕਿ ਪੰਜਾਬੀ ਭਾਸ਼ਾ ਜਿਹੜੀ ਕਿ ਸੰਸਾਰ ਭਰ ਵਿੱਚ ਇੱਕ ਅਹਿਮ ਸਥਾਨ ਰੱਖਦੀ ਹੈ, 'ਤੇ ਅਜਿਹੇ ਨਿੱਤ ਨਵੇਂ ਹਮਲੇ ਹੋ ਰਹੇ ਹਨ ਜਿਨ੍ਹਾਂ ਨੂੰ ਗੰਭੀਰਤਾ ਨਾਲ ਲਿਆ ਜਾਣਾ ਚਾਹੀਦਾ ਹੈ ਕਿਉਂਕਿ ਇਹ ਵਿਭਾਗ ਇੱਕੋ ਇੱਕ ਵਿਭਾਗ ਹੈ ਜਿਹੜਾ ਪੰਜਾਬੀ ਭਾਸ਼ਾ ਵਿੱਚ ਐੱਮ. ਏ. ਕਰਾਉਂਦਾ ਹੈ ਅਤੇ ਸਾਡੇ ਲਈ ਜ਼ਰੂਰੀ ਹੈ ਕਿ ਅਸੀਂ ਭਾਸ਼ਾ ਅਤੇ ਸਾਹਿਤ ਨੂੰ ਰਲਗੱਡ ਕਰਕੇ ਨਾ ਦੇਖੀਏ।

ਚੰਡੀਗੜ੍ਹ ਰਵਾਨਾ ਹੋਣ ਤੋਂ ਪਹਿਲਾਂ ਮੁਲਾਜ਼ਮਾਂ/ਪੈਨਸ਼ਨਰਾਂ ਵੱਲੋਂ ਜ਼ੋਰਦਾਰ ਨਾਅਰੇਬਾਜ਼ੀ

ਤਰਨ ਤਾਰਨ (ਨਜ਼ਸ)—ਪੰਜਾਬ ਸਰਕਾਰ ਵੱਲੋਂ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਦੀਆਂ ਵਾਜਿਬ ਮੰਗਾਂ ਵੱਟੇ ਖਾਤੇ ਪਾਉਣ ਦੇ ਖਿਲਾਫ ਪੰਜਾਬ ਮੁਲਾਜ਼ਮ ਅਤੇ ਪੈਨਜ਼ਨਰ ਸਾਂਝਾ ਫਰੰਟ ਦੇ ਸੂਬਾ ਪੱਧਰੀ ਸੱਦੇ 'ਤੇ ਅੱਜ ਚੰਡੀਗੜ੍ਹ ਦੀ ਮਹਾਂ ਰੈਲੀ ਵਿੱਚ ਸ਼ਮੂਲੀਅਤ ਕਰਨ ਲਈ ਰਵਾਨਾ ਹੋਣ ਸਮੇਂ ਬਿਜਲੀ ਕਾਮਿਆਂ ਅਤੇ ਪੈਨਸ਼ਨਰਾਂ ਨੇ ਸਥਾਨਕ ਬੱਸ ਸਟੈਂਡ 'ਤੇ ਇਕੱਤਰ ਹੋ ਕੇ ਪੰਜਾਬ ਦੀ ਭਗਵੰਤ ਸਿੰਘ ਮਾਨ ਸਰਕਾਰ ਦੇ ਮੁਲਾਜ਼ਮ ਅਤੇ ਪੈਨਸ਼ਨਰ ਵਿਰੋਧੀ ਸਟੈਂਡ ਖਿਲਾਫ ਜ਼ੋਰਦਾਰ ਨਾਅਰੇਬਾਜ਼ੀ ਕਰਕੇ ਆਪਣੇ ਗੁੱਸੇ ਦਾ ਪ੍ਰਗਟਾਵਾ ਕੀਤਾ।

ਇਸ ਮੌਕੇ ਪੀਐੱਸਈਬੀ ਇੰਪਲਾਈਜ਼ ਫੈਡਰੇਸ਼ਨ ਏਟਕ ਪੰਜਾਬ ਜਥੇਬੰਦੀ ਦੇ ਸੂਬਾ ਪ੍ਰਧਾਨ ਗੁਰਪ੍ਰੀਤ ਸਿੰਘ ਗੰਡੀਵਿੰਡ ਅਤੇ ਪਾਵਰਕਾਮ ਐਂਡ ਟਰਾਂਸਕੋ ਪੈਨਸ਼ਨਰ ਯੂਨੀਅਨ ਦੇ ਸਰਕਲ ਸਕੱਤਰ ਨਰਿੰਦਰ ਬੰਦੀ ਨੇ ਪੰਜਾਬ ਸਰਕਾਰ 'ਤੇ ਝੂਠੇ ਵਾਅਦੇ ਕਰਕੇ ਸੱਤਾ 'ਤੇ ਕਾਬਜ਼ ਹੋਣ ਦੇ ਦੋਸ਼ ਲਗਾਏ। ਮੁਲਾਜ਼ਮ ਤੇ ਪੈਨਸ਼ਨਰ ਆਗੂਆਂ ਪੂਰਨ ਦਾਸ, ਬਲਜਿੰਦਰ ਕੌਰ, ਮੇਜਰ ਸਿੰਘ ਨਾਗੋਕੇ, ਤਰਜੀਤ ਸਿੰਘ ਨਾਗੋਕੇ, ਸਤਨਾਮ ਸਿੰਘ ਔਜਲਾ, ਬਲਦੇਵ ਸਿੰਘ ਰਸੂਲਪੁਰ, ਲਖਬੀਰ ਸਿੰਘ ਦੋਬੁਰਜੀ ਆਦਿ ਨੇ ਪੰਜਾਬ ਸਰਕਾਰ ਨੂੰ ਚਿਤਾਵਨੀ ਦਿੰਦਿਆਂ ਕਿਹਾ ਕਿ ਮੁਲਾਜ਼ਮ ਅਤੇ ਪੈਨਸ਼ਨਰ ਮੰਗਾਂ ਜਿਵੇਂ ਪੁਰਾਣੀ ਪੈਨਸ਼ਨ ਸਕੀਮ ਲਾਗੂ ਕਰਨ, ਸਾਰੇ ਕੱਚੇ ਕਾਮੇ ਪੱਕੇ ਕਰਨ, ਮਹਿੰਗਾਈ ਭੱਤੇ ਦੀਆਂ ਕਿਸ਼ਤਾਂ ਰਿਲੀਜ਼ ਕਰਨ, ਖਾਲੀ ਅਸਾਮੀਆਂ ਰੈਗੂਲਰ ਭਰਨ, ਮੈਡੀਕਲ ਕੈਸ਼ਲੈੱਸ ਸਕੀਮ ਲਾਗੂ ਕਰਨ, ਪ੍ਰਬੇਸ਼ਨਲ ਪੀਰੀਅਡ ਦੀ ਆੜ ਹੇਠ ਨਵੇਂ ਭਰਤੀ ਹੋ ਰਹੇ ਕਰਮਚਾਰੀਆਂ ਦੀ ਕੀਤੀ ਜਾ ਰਹੀ ਆਰਥਿਕ ਲੁੱਟ ਬੰਦ ਕਰਨ ਤੋਂ ਇਲਾਵਾ ਸਾਰੇ ਵਾਜਿਬ ਮਸਲਿਆਂ ਦਾ ਗੱਲਬਾਤ ਰਾਹੀਂ ਹੱਲ ਕਰਨ ਦੀ ਜ਼ੋਰਦਾਰ ਮੰਗ ਕੀਤੀ।

ਰੋਜ਼ਗਾਰ ਕੈਂਪ ਦੌਰਾਨ 46 ਉਮੀਦਵਾਰਾਂ ਦੀ ਨੌਕਰੀ ਲਈ ਚੋਣ

ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)-ਡਿਪਟੀ ਕਮਿਸ਼ਨਰ ਅਮਿਤ ਤਲਵਾਰ ਦੇ ਦਿਸ਼ਾ ਨਿਰਦੇਸ਼ ਅਤੇ ਵਧੀਕ ਡਿਪਟੀ ਕਮਿਸ਼ਨਰ (ਜ) ਹਰਪ੍ਰੀਤ ਸਿੰਘ ਦੀ ਯੋਗ ਅਗਵਾਈ ਹੇਠ ਜ਼ਿਲ੍ਹਾ ਰੋਜ਼ਗਾਰ ਅਤੇ ਕਾਰੋਬਾਰ ਬਿਊਰੋ ਅੰਮ੍ਰਿਤਸਰ ਵਿਖੇ ਅੱਜ ਰੋਜ਼ਗਾਰ ਕੈਂਪ ਲਗਾਇਆ ਗਿਆ। ਨੀਲਮ ਮਹੇ ਡਿਪਟੀ ਡਾਇਰੈਕਟਰ,ਜਿਲ੍ਹਾ ਰੋਜ਼ਗਾਰ ਅਤੇ ਕਾਰੋਬਾਰ ਬਿਊਰੋ,ਅੰਮ੍ਰਿਤਸਰ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਸ ਰੋਜ਼ਗਾਰ ਕੈਂਪ ਵਿੱਚ ਮਸ਼ਹੂਰ ਅਜਾਈਲ ਆਦਿ ਕੰਪਨੀ ਵੱਲੋਂ ਭਾਗ ਲਿਆ ਗਿਆ ਅਤੇ ਮੋਕੇ ਤੇ ਆਫਰ ਲੈਟਰ ਦਿਤੇ ਗਏ। ਇਸ ਰੋਜ਼ਗਾਰ ਕੈਂਪ ਵਿੱਚ ਕੰਪਨੀ ਵੱਲੋਂ ਵੈਲਨੈਸ ਐਡਵਾਇਜ਼ਰ ਆਦਿ ਅਸਾਮੀਆਂ ਲਈ ਚੋਣ ਕੀਤੀ ਗਈ। ਇਸ ਰੋਜ਼ਗਾਰ ਕੈਂਪ ਵਿੱਚ 60 ਉਮੀਦਵਾਰਾਂ ਵੱਲੋਂ ਭਾਗ ਲਿਆ ਗਿਆ ਅਤੇ 46 ਉਮੀਦਵਾਰਾਂ ਨੂੰ ਨੌਕਰੀ ਲਈ ਚੋਣ/ਸ਼ਾਰਟਲਿਸਟ ਕੀਤਾ ਗਿਆ। ਇਸ ਮੌਕੇ ਨਰੇਸ਼ ਕੁਮਾਰ ਰੋਜ਼ਗਾਰ ਅਫਸਰ, ਤੀਰਥਪਾਲ ਸਿੰਘ ਡਿਪਟੀ ਸੀਈਓ, ਗੌਰਵ ਕੁਮਾਰ ਕਰੀਅਰ ਕੌਂਸਲਰ ਸੁਖਮੀਤ ਸਿੰਘ ਜੂਨੀਅਰ ਸਹਾਇਕ ਆਦਿ ਹਾਜ਼ਰ ਸਨ।

ਵਜ਼ੀਰਪੁਰ ਅਫਗਾਨਾਂ ਦੇ ਕਈ ਪਰਿਵਾਰਾਂ ਫੜਿਆ ਆਪ ਦਾ ਪੱਲਾ

ਦੀਨਾਨਗਰ (ਬਲਵਿੰਦਰ ਸਿੰਘ ਬਿੱਲਾ)-ਵਿਧਾਨ ਸਭਾ ਹਲਕਾ ਦੀਨਾਨਗਰ ਦੇ ਪਿੰਡ ਵਜ਼ੀਰਪੁਰ ਅਫਗਾਨਾ ਚ ਕਾਂਗਰਸ ਪਾਰਟੀ ਨੂੰ ਉਸ ਵੇਲੇ ਵੱਡਾ ਝਟਕਾ ਲੱਗਾ ਜਦੋਂ ਪਿੰਡ ਵਜੀਰਪੁਰ ਅਫਗਾਨਾਂ ਦੇ ਕਈ ਕਾਂਗਰਸੀ ਪਰਿਵਾਰਾਂ ਦੇ ਆਮ ਆਦਮੀ ਪਾਰਟੀ ਦੇ ਜ਼ਿਲ੍ਹਾ ਪ੍ਰਧਾਨ ਸ਼ਹਿਰੀ ਅਤੇ ਹਲਕਾ ਇੰਚਾਰਜ ਸ਼ਮਸ਼ੇਰ ਸਿੰਘ ਦੀ ਅਗਵਾਈ ਹੇਠ ਆਮ ਆਦਮੀ ਪਾਰਟੀ ਵਿੱਚ ਸਾਮਲ ਹੋਣ ਦਾ ਐਲਾਨ ਕਰ ਦਿੱਤਾ। ਆਪ ਆਗੂਆਂ ਲਾਭ ਸਿੰਘ ਅਤੇ ਮਲਕੀਤ ਸਿੰਘ ਦੇ ਪ੍ਰਬੰਧਾਂ ਹੇਠ ਸੱਦੀ ਗਈ ਵਿਸ਼ਾਲ ਮੀਟਿੰਗ ਦੌਰਾਨ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋਣ ਵਾਲਿਆਂ ਨੂੰ ਜੀ ਆਇਆਂ ਆਖਦਿਆਂ ਜ਼ਿਲ੍ਹਾ ਪ੍ਰਧਾਨ ਸ਼ਹਿਰੀ ਨੇ ਪਾਰਟੀ ਵਿੱਚ ਪੂਰਾ ਮਾਣ ਸਨਮਾਨ ਦੇਣ ਦਾ ਭਰੋਸਾ ਦਿਵਾਇਆ। ਆਮ ਆਦਮੀ ਪਾਰਟੀ ਵਿੱਚ ਸ਼ਾਮਿਲ ਹੋਣ ਵਾਲਿਆਂ ਲੰਬੜਦਾਰ ਰਾਮ ਸਿੰਘ, ਅਜੀਤ ਸਿੰਘ, ਦਲਬੀਰ ਸਿੰਘ, ਮਨਜੀਤ ਸਿੰਘ, ਸ਼ਲਿੰਦਰ ਸਿੰਘ, ਗੁਰਦੀਪ ਸਿੰਘ, ਮੁਖਤਿਆਰ ਸਿੰਘ, ਵਿਜੇ ਕਮਾਰ ਅਤੇ ਚਾਂਦੀ ਰਾਮ ਨੇ ਕਿਹਾ ਕਿ ਪੰਜਾਬ ਦੀ ਭਗਵੰਤ ਮਾਨ ਸਰਕਾਰ ਵੱਲੋਂ ਲੋਕ ਹਿੱਤ ਵਿੱਚ ਲਏ ਗਏ ਫੈਸਲੇ ਅਤੇ ਹਲਕਾ ਦੀਨਾਨਗਰ ਅੰਦਰ ਸ਼ਮਸ਼ੇਰ ਸਿੰਘ ਦੀ ਸੁਚੱਜੀ ਅਗਵਾਈ ਨੂੰ ਦੇਖਦੇ ਹੋਏ ਅੱਜ ਉਨ੍ਹਾਂ ਵੱਲੋਂ ਆਮ ਆਦਮੀ ਪਾਰਟੀ ਵਿੱਚ ਸ਼ਮੂਲੀਅਤ ਕੀਤੀ ਗਈ ਹੈ। ਇਸ ਮੌਕੇ ਤੇ ਆਮ ਆਦਮੀ ਪਾਰਟੀ ਦੇ ਸੁਖਜਿੰਦਰ ਸਿੰਘ ਬੁਗਣਾ, ਜਸਬੀਰ ਸਿੰਘ ਕਠਿਆਲੀ, ਜਰਨੈਲ ਸਿੰਘ ਅਤੇ ਗੁਰਨਾਮ ਸਿੰਘ ਵੀ ਹਾਜ਼ਰ ਸਨ।

ਮੈਰਿਜ ਪੈਲੇਸ ਤੇ ਰੈਸਟੋਰੈਂਟਾਂ ਚ ਜਾ ਕੇ ਡੇਂਗੂ ਬਾਰੇ ਦਿੱਤੀ ਜਾਣਕਾਰੀ

ਚੋਹਲਾ ਸਾਹਿਬ (ਰਮਨ ਚੱਢਾ)-ਸਿਵਲ ਸਰਜਨ ਤਰਨ ਤਾਰਨ ਡਾਕਟਰ ਗੁਰਪ੍ਰੀਤ ਸਿੰਘ ਰਾਏ, ਜਿਲਾ ਐਪੀਡੀਮੋਲੋਜਿਸਟ ਡਾਕਟਰ ਸਿਮਰਨ ਕੌਰ ਅਤੇ ਡਾਕਟਰ ਅਮਨਦੀਪ ਸਿੰਘ ਦੇ ਦਿਸ਼ਾ ਨਿਰਦੇਸ਼ਾਂ ਦੀ ਪਾਲਣਾ ਕਰਦੇ ਹੋਏ ਡਾਕਟਰ ਜਤਿੰਦਰ ਸਿੰਘ ਗਿੱਲ ਸੀਨੀਅਰ ਮੈਡੀਕਲ ਅਫਸਰ ਸੀਐਚਸੀ ਸਰਹਾਲੀ ਦੀ ਯੋਗ ਅਗਵਾਈ ਹੇਠ ਅੱਜ ਵੱਖ ਵੱਖ ਮੈਰਿਜ ਪੈਲੇਸ ਅਤੇ ਰੈਸਟੋਰੈਂਟਾਂ ਵਿੱਚ ਜਾਕੇ ਸਿਹਤ ਵਿਭਾਗ ਦੀ ਟੀਮ ਵੱਲੋਂ ਡਰਾਈ ਡੇ ਮਨਾਉਂਦੇ ਹੋਏ ਡੇਂਗੂ ਬੁਖਾਰ ਸਬੰਧੀ ਜਾਣਕਾਰੀ ਦਿੱਤੀ ਗਈ। ਇਸ ਸਮੇਂ ਹੈਲਥ ਇੰਸਪੈਕਟਰ ਬਿਹਾਰੀ ਲਾਲ ਨੇ ਦੱਸਿਆ ਕਿ ਉਨਾਂ ਦੀ ਟੀਮ ਵੱਲੋਂ ਮੈਰਿਜ ਪੈਲੇਸ ਅਤੇ ਰੈਸਟੋਰੈਂਟ ਦੇ ਮਾਲਕਾਂ ਅਤੇ ਉੱਥੇ ਕੰਮ ਕਰਨ ਵਾਲੇ ਵਿਅਕਤੀਆਂ ਨੂੰ ਡੇਂਗੂ ਬਾਰੇ ਭਰਪੂਰ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਆਪਣੇ ਆਲੇ ਦੁਆਲੇ ਗੰਦਾ ਪਾਣੀ ਇੱਕਠਾ ਨਾ ਹੋਣ ਦਿਓ ਖਾਸ ਕਰਕੇ ਟੁੱਟੇ ਟਾਇਰਾਂ,ਗਮਲਿਆਂ ਅਤੇ ਬੇਕਾਰ ਪਈਆਂ ਵਸਤੂਆਂ ਵਿੱਚ ਪਾਣੀ ਇੱਕਠ ਨਾ ਹੋਣ ਦਿਓ ਕਿਉਂਕਿ ਇਸ ਖੜੇ ਪਾਣੀ ਵਿੱਚ ਡੇਂਗੂ ਵਰਗੀ ਭਿਆਨ ਬਿਮਾਰੀ ਫੈਲਾਉਣ ਵਾਲੇ ਮੱਛਰ ਪੈਦਾ ਹੁੰਦੇ ਹਨ। ਇਸ ਸਮੇਂ ਹੈਲਥ ਇੰਸਪੈਕਟਰ ਸਤਨਾਮ ਸਿੰਘ ਨੇ ਦੱਸਿਆ ਕਿ ਉਹਨਾ ਦੀ ਟੀਮ ਵੱਲੋਂ ਡੇਂਗੂ ਬੁਖਾਰ ਬਾਰੇ ਹੋਰ ਜਾਣਕਾਰੀ ਦਿੰਦੇ ਹੋਏ ਬੁਖਾਰ ਦੇ ਲੱਛਣਾ ਅਤੇ ਬਚਾਅ ਬਾਰੇ ਦੱਸਿਆ ਕਿ ਜਦ ਤੇਂਜ ਬੁਖਾਰ,ਤੇਜ ਸਿਰ ਦਰਦ ਹੋਏ ਤਾਂ ਤੁਰੰਤ ਨਜਦੀਕੀ ਸਿਹਤ ਕੇਂਦਰ ਵਿੱਚ ਜਾਕੇ ਆਪਣੀ ਜਾਂਚ ਕਰਵਾਓ ਤਾਂ ਜਾਂ ਤੁਹਾਡਾ ਇਲਾਜ ਸਮੇਂ ਸਿਰ ਹੋ ਸਕੇ। ਇਸ ਸਮੇਂ ਹੈਲਥ ਵਰਕਰ ਜਸਪਿੰਦਰ ਸਿੰਘ ਨੇ ਦੱਸਿਆ ਕਿ ਸਾਨੂੰ ਰਾਤ ਸੌਣ ਸਮੇਂ ਮੱਛਰ ਭਜਾਉਣ ਵਾਲੇ ਤੇਲ ਅਤੇ ਕਰੀਮਾਂ ਦੀ ਵਰਤੋਂ ਕਰਨੀ ਚਾਹੀਦੀ ਹੈ। ਇਸ ਸਮੇਂ ਸੁਖਦੀਪ ਸਿੰਘ ਔਲਖ, ਰਜਿੰਦਰ ਸਿੰਘ ਫਤਿਹਗੜ੍ਹ ਚੂੜੀਆਂ, ਬਲਰਾਜ ਸਿੰਘ ਗਿੱਲ ਆਦਿ ਹਾਜ਼ਰ ਸਨ।

ਡੇਅਰੀ ਵਿਕਾਸ ਵਿਭਾਗ ਨੇ ਲਗਾਇਆ ਦੁੱਧ ਉਤਪਾਦਕ ਜਾਗਰੂਕਤਾ ਕੈਂਪ

ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)-ਕੈਬਨਿਟ ਮੰਤਰੀ ਗੁਰਮੀਤ ਸਿੰਘ ਖੁੱਡੀਆਂ, ਪਸ਼ੂ ਪਾਲਣ, ਮੱਛੀ ਪਾਲਣ ਅਤੇ ਡੇਅਰੀ ਵਿਕਾਸ ਵਿਭਾਗ ਮੰਤਰੀ ਅਤੇ ਡਾਇਰੈਕਟਰ ਡੇਅਰੀ ਵਿਕਾਸ ਵਿਭਾਗ, ਕੁਲਦੀਪ ਸਿੰਘ ਜੱਸੋਵਾਲ ਦੇ ਦਿਸ਼ਾ ਨਿਰਦੇਸ਼ਾ ਅਤੇ ਡਿਪਟੀ ਡਾਇਰੈਕਟਰ ਡੇਅਰੀ, ਦਵਿੰਦਰ ਸਿੰਘ ਦੀ ਰਹਿਨੁਮਾਈ ਹੇਠ ਪਿੰਡ ਠਾਣੇਵਾਲ ਬਲਾਕ ਰਈਆ ਜਿਲਾ ਅੰਮ੍ਰਿਤਸਰ ਵਿਖੇ ਦੁੱਧ ਉਤਪਾਦਕ ਜਾਗਰੂਕਤਾ ਕੈਂਪ ਲਗਾਇਆ ਗਿਆ। ਇਸ ਕੈਂਪ ਵਿੱਚ ਆਏ ਹੋਏ ਡੇਅਰੀ ਫਾਰਮਰਾਂ ਨੂੰ ਨਵਜੋਤ ਸਿੰਘ ਡੇਅਰੀ ਵਿਕਾਸ ਇੰਸਪੈਕਟਰ ਗ੍ਰੇਡ-1, ਡੇਅਰੀ ਵਿਕਾਸ ਇੰਸਪੈਕਟਰ ਰਜੀਵ ਕੁਮਾਰ, ਵੱਲੋਂ ਪਸ਼ੂਆਂ ਦੀਆਂ ਬ

15-OCT-PAGE-4.qxd 10/14/2023 10:22 PM Page 1

ਨਜਾਇਜ਼ ਨਸ਼ਾ ਛੁਡਾਓ ਕੇਂਦਰ 'ਤੇ ਛਾਪਾ, ਕੀਤਾ ਸੀਲ

■ ਨਜਾਇਜ਼ ਤੌਰ 'ਤੇ ਰੱਖੇ 28 ਨੌਜਵਾਨਾਂ ਨੂੰ ਛੁਡਵਾਇਆ

ਖੰਨਾ (ਸੁਖਵਿੰਦਰ ਸਿੰਘ ਭਾਦਲਾ, ਪਰਮਿੰਦਰ ਸਿੰਘ ਮੋਨੂੰ)-ਬੀਤੇ ਦਿਨੀਂ ਇੱਥੇ ਦੇ ਨੇੜਲੇ ਪਿੰਡ ਜਸਪਾਲੋਂ ਦੇ ਖੇਤਾਂ ਵਿਚਕਾਰ ਚੱਲ ਰਹੇ ਇੱਕ ਗੈਰ-ਕਾਨੂੰਨੀ ਨਸ਼ਾ ਛੁਡਾਓ ਕੇਂਦਰ 'ਤੇ ਸਿਹਤ ਵਿਭਾਗ ਤੇ ਪੁਲਸ ਦੀਆਂ ਟੀਮਾਂ ਨੇ ਸਾਂਝੇ ਤੌਰ 'ਤੇ ਛਾਪਾ ਮਾਰਿਆ ਹੈ। ਇਸ ਨਸ਼ਾ ਛੁਡਾਓ ਕੇਂਦਰ ਵਿੱਚ ਨਸ਼ਾ ਛੱਡਣ ਆਏ ਵਿਅਕਤੀਆਂ ਦੇ ਪਰਵਾਰਾਂ ਤੋਂ ਹਜ਼ਾਰਾਂ ਰੁਪਏ ਲੈ ਕੇ ਨਸ਼ਾ ਛੁਡਾਓ ਕੇਂਦਰਾਂ ਵਿੱਚ ਰੱਖੇ ਗਏ ਵਿਅਕਤੀਆਂ ਨੂੰ ਉਨ੍ਹਾਂ ਦੇ ਪਰਵਾਰਾਂ ਨੂੰ ਮਿਲਣ ਨਹੀਂ ਦਿੱਤਾ ਗਿਆ। ਨਸ਼ੇ ਤੋਂ ਪੀੜਤ ਵਿਅਕਤੀਆਂ ਦੀ ਸੈਂਟਰ ਵਿੱਚ ਬੁਰੀ ਤਰ੍ਹਾਂ ਕੁੱਟਮਾਰ ਕੀਤੀ ਗਈ। ਨਸ਼ਾ ਛੁਡਾਓ ਕੇਂਦਰ ਦੇ ਸੰਚਾਲਕਾਂ ਦੀ ਗ੍ਰਿਫਤ 'ਚੋਂ ਛੁਡਾਏ ਗਏ ਇੱਕ ਨੌਜਵਾਨ ਦੀ ਸ਼ਿਕਾਇਤ 'ਤੇ ਪ੍ਰਸ਼ਾਸਨਕ ਟੀਮਾਂ ਨੇ ਕਾਰਵਾਈ ਕਰਦੇ ਹੋਏ ਨਸ਼ਾ ਛੁਡਾਓ ਕੇਂਦਰ 'ਚ ਗੈਰ-ਕਾਨੂੰਨੀ ਤੌਰ 'ਤੇ ਰੱਖੇ ਕਰੀਬ 28 ਨੌਜਵਾਨਾਂ ਨੂੰ ਛੁਡਵਾਇਆ। ਇਸ ਕੇਂਦਰ ਦੇ ਸੰਚਾਲਕਾਂ ਕੋਲ ਕੋਈ ਮਨਜ਼ੂਰੀ ਜਾਂ ਸਰਟੀਫਿਕੇਟ ਨਾ ਹੋਣ ਕਾਰਨ ਇਸ ਨੂੰ ਸੀਲ ਕੀਤਾ ਜਾ ਗਿਆ।

ਇਸ ਛਾਪੇਮਾਰੀ ਦੌਰਾਨ ਹੀ ਕੁਝ ਸੰਚਾਲਕ ਗਾਇਬ ਹੋ ਗਏ, ਜਦਕਿ ਕਾਰਵਾਈ ਤੋਂ ਬਚਣ ਲਈ ਅੰਦਰ ਕੈਦ ਨੌਜਵਾਨਾਂ ਨੂੰ ਦਿੱਤੀਆਂ ਜਾ ਰਹੀਆਂ ਦਵਾਈਆਂ, ਜਿਨ੍ਹਾਂ ਵਿੱਚੋਂ ਕੁਝ ਦਵਾਈਆਂ ਦੇ ਪੱਤੇ, ਜੋ ਸਿਰਫ ਸਰਕਾਰੀ ਹਸਪਤਾਲਾਂ ਵਿੱਚ ਹੀ ਉਪਲਬਧ ਹੁੰਦੇ ਹਨ, ਨੂੰ ਅਤੇ ਹੋਰ ਰਿਕਾਰਡ ਇਸ ਛਾਪੇਮਾਰੀ ਤੋਂ ਕੁਝ ਸਮਾਂ ਪਹਿਲਾਂ ਸਾੜ ਦਿੱਤਾ ਗਿਆ। ਜ਼ਿਕਰਯੋਗ ਹੈ ਕਿ ਸਿਹਤ ਵਿਭਾਗ ਨੇ ਇੱਥੇ ਨਜਾਇਜ਼ ਤੌਰ 'ਤੇ ਰੱਖੇ ਇੱਕ ਨੌਜਵਾਨ ਦੀ ਸ਼ਿਕਾਇਤ 'ਤੇ ਕਾਰਵਾਈ ਕੀਤੀ ਗਈ ਹੈ। ਪੱਤਰਕਾਰਾਂ ਨਾਲ ਗੱਲ ਕਰਦੇ ਹੋਏ ਸੀਨੀਅਰ ਮੈਡੀਕਲ ਅਫਸਰ ਡਾਕਟਰ ਰਵੀ ਦੱਤ ਨੇ ਦੱਸਿਆ ਕਿ 28 ਨੌਜਵਾਨਾਂ ਨੂੰ ਸਿਵਲ ਹਸਪਤਾਲ ਲੁਧਿਆਣਾ ਇਲਾਜ ਲਈ ਭੇਜ ਦਿੱਤਾ ਹੈ। ਐੱਸ ਐੱਚ ਓ ਭਿੰਦਰ ਸਿੰਘ ਨੇ ਦੱਸਿਆ ਕਿ ਸਿਹਤ ਵਿਭਾਗ ਦੀ ਰਿਪੋਰਟ ਆਉਣ ਤੋਂ ਬਾਅਦ ਅਗਲੀ ਕਾਰਵਾਈ ਕੀਤੀ ਜਾਵੇਗੀ। ਸੀਐੱਚਸੀ ਮਨੂੰਪੁਰ ਦੇ ਐੱਸ ਐੱਮ ਓ ਡਾਕਟਰ ਰਵੀ ਦੱਤ ਨੇ ਦੱਸਿਆ ਕਿ ਸ਼ਿਕਾਇਤ ਮਿਲਣ 'ਤੇ ਸਿਹਤ ਵਿਭਾਗ ਤੇ ਪੁਲਸ ਦੀਆਂ ਟੀਮਾਂ ਨੇ ਜਸਪਾਲੋ ਵਿੱਚ ਚੱਲ ਰਹੇ ਨਸ਼ਾ ਛੁਡਾਓ ਕੇਂਦਰ 'ਤੇ ਛਾਪਾ ਮਾਰਿਆ। ਇਸ ਸੈਂਟਰ ਦੇ ਸੰਚਾਲਕਾ ਕੋਲ ਨਾ ਤਾਂ ਕੋਈ ਇਜਾਜ਼ਤ ਹੈ ਤੇ ਨਾ ਹੀ ਕੋਈ ਲਾਇਸੈਂਸ ਹੈ। ਇਸ ਸੈਂਟਰ 'ਚ ਗੈਰ-ਕਾਨੂੰਨੀ ਤੌਰ 'ਤੇ ਰੱਖੇ ਗਏ 28 ਨੌਜਵਾਨਾਂ ਨੂੰ ਰਿਹਾਅ ਕਰਵਾ ਕੇ ਸਿਵਲ ਹਸਪਤਾਲ ਲੁਧਿਆਣਾ ਭੇਜ ਦਿੱਤਾ ਗਿਆ ਹੈ।

ਲੋਕਾਂ ਨੂੰ ਵਧੀਆ ਤੇ ਸਸਤਾ ਨਿਆਂ ਦੇਣਾ ਮੁੱਖ ਸੁਪਨਾ : ਪ੍ਰਿਅੰਕਾ, ਗੌਰਵ, ਗਰੇਵਾਲ

■ ਸਧਾਰਨ ਪਰਵਾਰਾਂ ਦੇ ਭੀਖੀ ਨਾਲ ਸਬੰਧਤ ਤਿੰਨ ਨੌਜਵਾਨ ਬਣੇ ਜੱਜ

ਭੀਖੀ (ਧਰਮਵੀਰ ਸ਼ਰਮਾ)-ਪੀਸੀਐੱਸ ਜੁਡੀਸ਼ੀਅਲ ਵੱਲੋਂ ਐਲਾਨੇ ਨਤੀਜਿਆਂ ਵਿੱਚ ਮਾਨਸਾ ਜ਼ਿਲ੍ਹੇ ਦੇ ਭੀਖੀ ਨਾਲ ਸਬੰਧਤ ਤਿੰਨ ਸਧਾਰਨ ਪਰਵਾਰਾਂ ਦੇ ਨੌਜਵਾਨਾਂ ਨੇ ਇਹ ਪ੍ਰੀਖਿਆ ਪਾਸ ਕਰ ਜੱਜ ਬਣ ਕੇ ਮਾਨਸਾ ਜ਼ਿਲ੍ਹੇ ਦਾ ਨਾਮ ਰੋਸ਼ਨ ਕੀਤਾ ਹੈ, ਜਿਨ੍ਹਾਂ ਦਾ ਮੁੱਖ ਸੁਪਨਾ ਕਾਨੂੰਨਦਾਨ ਦੀ ਕੁਰਸੀ 'ਤੇ ਬਹਿ ਕੇ ਲੋਕਾਂ ਨੂੰ ਸਹੀ, ਸਸਤਾ ਤੇ ਜਲਦੀ ਇਨਸਾਫ ਦੇਣਾ ਹੈ। ਨਤੀਜਿਆਂ ਤੋਂ ਬਾਅਦ ਉਕਤ ਨਵੇਂ ਬਣੇ ਜੱਜਾਂ ਤੇ ਉਨ੍ਹਾਂ ਦੇ ਪਰਿਵਾਰਾਂ ਨੂੰ ਵਧਾਈਆਂ ਦੇਣ ਦਾ ਸਿਲਸਿਲਾ ਲਗਾਤਾਰ ਜਾਰੀ ਹੈ। ਪਿੰਡ ਖੀਵਾ ਕਲਾਂ ਦੀ ਰਹਿਣ ਵਾਲੀ ਪ੍ਰਿਅੰਕਾ ਅੱਗਰਵਾਲ ਪੁੱਤਰੀ ਤਰਸੇਮ ਚੰਦ ਪੱਪੀ ਨੇ ਇਸ ਪ੍ਰੀਖਿਆ ਨੂੰ ਪਾਸ ਕਰਦਿਆਂ ਸਮਾਜ ਨੂੰ ਨਵੀਂ ਸੇਧ ਦਿੱਤੀ ਹੈ। ਪਿਤਾ ਤਰਸੇਮ ਚੰਦ ਕਰਿਆਣੇ ਦਾ ਕੰਮ ਕਰਦੇ ਹਨ ਤੇ ਮਾਤਾ ਅੰਜੂ ਰਾਣੀ ਆਂਗਣਵਾੜੀ ਵਰਕਰ ਹਨ। ਪ੍ਰਿਅੰਕਾ ਅਗਰਵਾਲ ਦਾ ਕਹਿਣਾ ਹੈ ਕਿ ਉਸ ਨੇ ਸੋਸ਼ਲ ਮੀਡੀਆ ਤੋਂ ਦੂਰ ਰਹਿ ਕੇ ਆਪਣੀ ਪੜ੍ਹਾਈ ਨੂੰ ਤਰਜੀਹ ਦਿੱਤੀ। ਉਸ ਦਾ ਕਹਿਣਾ ਹੈ ਕਿ ਉਸ ਦਾ ਸੁਪਨਾ ਜੱਜ ਬਣ ਕੇ ਸਮਾਜ ਦੇ ਦੱਬੇ ਕੁਚਲੇ ਤੇ ਪੀੜਤ ਲੋਕਾਂ ਨੂੰ ਇਨਸਾਫ ਦੇਣਾ ਹੈ। ਭੀਖੀ ਦੇ ਗੌਰਵ ਮਿੱਤਲ ਪੁੱਤਰ ਰਜਿੰਦਰ ਮਿੱਤਲ ਨੇ ਵੀ ਉਕਤ ਪ੍ਰੀਖਿਆ ਪਾਸ ਕਰਕੇ ਜ਼ਿਲ੍ਹੇ ਤੇ ਮਾਤਾ-ਪਿਤਾ ਦਾ ਨਾਮ ਰੋਸ਼ਨ ਕੀਤਾ ਹੈ। ਗੌਰਵ ਦੇ ਪਿਤਾ ਡਾ. ਰਜਿੰਦਰ ਮਿੱਤਲ ਕਾਂਗ੍ਰੇਸੀ ਨੇਤਾ ਹੋਣ ਦੇ ਨਾਲ ਨਾਲ ਲੋਕਾਂ ਨੂੰ ਸਿਹਤ ਸੁਵਿਧਾਵਾਂ ਦੇਣ ਲਈ ਪੇਸ਼ੇ ਤੋਂ ਡਾਕਟਰ ਹਨ। ਗੌਰਵ ਮਿੱਤਲ ਦਾ ਕਹਿਣਾ ਹੈ ਕਿ ਉਸ ਨੇ ਆਪਣੇ ਸੁਪਨੇ ਨੂੰ ਪੂਰਾ ਕਰਨ ਲਈ ਦਿਨ-ਰਾਤ ਸਖਤ ਮਿਹਨਤ ਕੀਤੀ ਹੈ। ਪਿੰਡ ਹੋਡਲਾ ਕਲਾ ਦੇ ਜੰਮਪਲ ਹਰਵਿੰਦਰ ਸਿੰਘ ਗਰੇਵਾਲ ਪੁੱਤਰ ਸੁਰਿੰਦਰ ਸਿੰਘ ਗਰੇਵਾਲ ਨੇ ਵੀ ਜੱਜ ਬਣ ਕੇ ਪਿੰਡ ਤੇ ਜ਼ਿਲ੍ਹੇ ਦਾ ਨਾਮ ਰੋਸ਼ਨ ਕੀਤਾ ਹੈ। ਹਰਵਿੰਦਰ ਸਿੰਘ ਦਾ ਕਹਿਣਾ ਹੈ ਕਿ ਉਸ ਨੇ ਬਿਨਾਂ ਕੋਈ ਕੋਚਿੰਗ ਲਏ ਆਪਣੀ ਮਿਹਨਤ ਦੇ ਬਲਬੂਤੇ ਪਹਿਲੀ ਵਾਰ ਵਿੱਚ ਹੀ ਇਹ ਪ੍ਰੀਖਿਆ ਪਾਸ ਕੀਤੀ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਨਿਆਂ ਪਾਲਿਕਾ ਤੇ ਭਰੋਸਾ ਕਰਨ ਵਾਲੇ ਲੋਕਾਂ ਨੂੰ ਉਹ ਕਦੇ ਵੀ ਨਿਰਾਸ਼ ਨਹੀਂ ਹੋਣ ਦੇਣਗੇ। ਇਸ ਪ੍ਰਾਪਤੀ 'ਤੇ ਪ੍ਰਿੰਸੀਪਲ ਗਗਨਦੀਪ ਪਰਾਸ਼ਰ, ਪ੍ਰਿੰ. ਸੰਜੀਵ ਕੁਮਾਰ ਸ਼ਰਮਾ, ਸੰਦੀਪ ਮਿੱਤਲ ਦੀਪੂ ਇੰਸਪੈਕਟਰ ਪਨਸਪ, ਅਗਰਵਾਲ ਸਭਾ ਦੇ ਪ੍ਰਸ਼ੋਤਮ ਮੱਤੀ, ਭੋਲਾ ਮੱਲ ਮਿੱਤਲ ਤੇ ਹਰਬੰਸ ਬਾਂਸਲ ਨੇ ਵਧਾਈ ਦਿੱਤੀ ਹੈ।

ਬੀਕੇਯੂ ਕਾਦੀਆਂ ਵੱਲੋਂ ਡੀ ਸੀ ਨੂੰ ਦਿੱਤਾ ਮੰਗ ਪੱਤਰ

ਮੋਗਾ (ਅਮਰਜੀਤ ਬੱਬਰੀ)-ਭਾਰਤੀ ਕਿਸਾਨ ਯੂਨੀਅਨ ਕਾਦੀਆਂ ਰਜਿ: ਪੰਜਾਬ ਜ਼ਿਲ੍ਹਾ ਮੋਗਾ ਵੱਲੋਂ ਪੰਜਾਬ ਸਰਕਾਰ ਨੂੰ ਕਿਸਾਨੀ ਮੰਗਾਂ ਸਬੰਧੀ ਇੱਕ ਮੰਗ ਪੱਤਰ ਦਿੱਤਾ ਗਿਆ, ਜਿਸ ਵਿੱਚ ਮੰਗ ਕੀਤੀ ਗਈ ਕਿ ਝੋਨੇ ਦੀ ਲਵਾਈ ਇਸ ਵਾਰ ਲੇਟ ਹੋਣ ਕਾਰਨ ਪਿਛੇਤੇ ਲੱਗੇ ਹੋਏ ਝੋਨੇ ਦੀ ਫ਼ਸਲ ਨੂੰ ਹੁਣ ਪਾਣੀ ਦੀ ਸਖਤ ਜ਼ਰੂਰਤ ਹੈ।ਮੰਗ ਕੀਤੀ ਗਈ ਕਿ ਟਿਊਬਵੈੱਲ ਬਿਜਲੀ ਸਪਲਾਈ ਆਉਂਦੇ ਦੋ ਹਫ਼ਤੇ ਤੱਕ 8 ਘੰਟੇ ਯਕੀਨੀ ਬਣਾਈ ਜਾਵੇ। ਇਹ ਵੀ ਮੰਗ ਕੀਤੀ ਕਿ ਇਸ ਵਾਰ ਪੰਜਾਬ ਸਰਕਾਰ ਵੱਲੋਂ ਝੋਨੇ ਦੀ ਫ਼ਸਲ ਦੀ ਬੋਲੀ ਬਾਇਓਮੈਟ੍ਰਿਕ ਮਸ਼ੀਨਾਂ ਰਾਹੀਂ ਕਰਾਉਣ ਦਾ ਫੈਸਲਾ ਕੀਤਾ ਹੈ, ਜੋ ਕਿ ਕਿਸਾਨਾਂ ਦੇ ਹਿੱਤ ਵਿੱਚ ਨਹੀਂ ਹੈ।ਇਹ ਮਸ਼ੀਨਾਂ ਮਾਰਕਿਟ ਕਮੇਟੀਆਂ ਪਾਸ ਲੋੜੀਦੀਂ ਮਾਤਰਾ ਵਿੱਚ ਨਹੀਂ ਹਨ, ਜਿਸ ਕਰਕੇ ਬੋਲੀ ਦਾ ਪ੍ਰੋਸੈੱਸ ਮੁਕੰਮਲ ਕਰਨ ਵਿੱਚ ਬਹੁਤ ਪ੍ਰੇਸ਼ਾਨੀ ਆਵੇਗੀ।ਇਸ ਤੋਂ ਇਲਾਵਾ ਬਹੁਤ ਸਾਰੇ ਛੋਟੇ ਕਿਸਾਨਾਂ ਦੇ ਖੇਤਾਂ ਵਿੱਚੋਂ ਗ੍ਰੀਨ ਟ੍ਰਿਬਿਊਨਲ ਦੀ ਸ਼ਰਤ ਮੁਤਾਬਕ ਪਰਾਲੀ ਗੌਰਮਿੰਟ ਆਪ ਸਰਕਾਰੀ ਤੌਰ 'ਤੇ ਬਿਨਾਂ ਕਿਸੇ ਵਿੱਤੀ ਬੋਝ ਤੇ ਚੁੱਕਣ ਦਾ ਪ੍ਰਬੰਧਨ ਕਰੇ।

ਮਿਸ਼ਨ ਤੰਦਰੁਸਤ ਪੰਜਾਬ ਤਹਿਤ ਰੱਤੀ ਰੋੜੀ ਡੱਗੋ ਰੋਮਾਣਾ ਸਕੂਲ ਦੀ ਚੋਣ

ਫ਼ਰੀਦਕੋਟ (ਐਲਿਗਜੈਂਡਰ ਡਿਸੂਜਾ)-ਪੰਜਾਬ ਸਰਕਾਰ ਦੁਆਰਾ ਚਲਾਈ ਜਾ ਰਹੀ ਮੁਹਿੰਮ ਮਿਸ਼ਨ ਤੰਦਰੁਸਤ ਪੰਜਾਬ ਤਹਿਤ ਸਕੂਲ ਸਿੱਖਿਆ ਵਿਭਾਗ ਪੰਜਾਬ ਵੱਲੋਂ ਹਰ ਜ਼ਿਲ੍ਹੇ ਵਿੱਚੋਂ ਇੱਕ ਸਕੂਲ ਨੂੰ ਚੁਣਿਆ ਗਿਆ ਹੈ। ਜ਼ਿਲ੍ਹਾ ਫ਼ਰੀਦਕੋਟ ਦੇ ਹਰ ਖੇਤਰ ਵਿੱਚ ਮੱਲਾਂ ਮਾਰਨ ਵਾਲੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਰੱਤੀ ਰੋੜੀ ਡੱਗੋ ਰੋਮਾਣਾ ਨੂੰ ਸਰਕਾਰ ਵੱਲੋਂ ਇਸ ਮਿਸ਼ਨ ਲਈ ਚੁਣਿਆ ਗਿਆ ਹੈ। ਵਿਭਾਗ ਵੱਲੋਂ ਹਰਪ੍ਰੀਤ ਸਿੰਘ (ਡੀ ਪੀ ਈ) ਨੂੰ ਇਸ ਪ੍ਰੋਗਰਾਮ ਦਾ ਜ਼ਿਲ੍ਹਾ ਨੋਡਲ ਅਫ਼ਸਰ ਨਿਯੁਕਤ ਕੀਤਾ ਗਿਆ ਹੈ। ਜ਼ਿਲ੍ਹਾ ਨੋਡਲ ਅਫਸਰ ਹਰਪ੍ਰੀਤ ਸਿੰਘ ਨੇ ਦੱਸਿਆ ਕਿ ਇਸ ਮਿਸ਼ਨ ਅਧੀਨ ਵਿਭਾਗ ਦੀਆਂ ਹਦਾਇਤਾਂ ਅਨੁਸਾਰ ਸਕੂਲ ਵਿਚ ਵੱਖ-ਵੱਖ ਤਰ੍ਹਾਂ ਦੇ ਮੁਕਾਬਲੇ, ਜਾਗਰੂਕਤਾ ਰੈਲੀਆਂ, ਸਫ਼ਾਈ ਮੁਹਿੰਮ, ਵਾਤਾਵਰਣ ਪੱਖੀ ਹਰਿਆਵਲ ਲਹਿਰ, ਸੜਕ ਸੁਰੱਖਿਆ, ਸਰੀਰਕ ਤੰਦਰੁਸਤੀ ਲਈ ਖੇਡਾਂ ਅਤੇ ਹੋਰ ਕਈ ਤਰ੍ਹਾਂ ਦੇ ਪ੍ਰੋਗਰਾਮ ਕਰਾਏ ਜਾਣਗੇ। ਉਨ੍ਹਾਂ ਹੋਰ ਕਿਹਾ ਕਿ ਇਸ ਮੁਹਿੰਮ ਤਹਿਤ ਵਿਦਿਆਰਥੀਆਂ ਤੇ ਸਮਾਜ ਵਿੱਚ ਕੁਰੀਤੀਆਂ ਸਬੰਧੀ ਜਾਗ੍ਰਿਤੀ ਆਵੇਗੀ ਤੇ ਬੱਚਿਆਂ ਦੇ ਬੌਧਿਕ ਪੱਧਰ ਦਾ ਵੀ ਵਿਕਾਸ ਹੋਵੇਗਾ। ਜ਼ਿਲ੍ਹਾ ਫ਼ਰੀਦਕੋਟ ਦੇ ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿੰ.) ਫਰੀਦਕੋਟ ਅਤੇ ਜ਼ਿਲ੍ਹਾ ਸਿੱਖਿਆ ਅਫਸਰ (ਐ.ਸਿੰ.) ਫਰੀਦਕੋਟ ਨੇ ਖੁਸ਼ੀ ਜਾਹਿਰ ਕਰਦੇ ਹੋਏ ਸਕੂਲ ਮੁਖੀ ਤੇ ਸਮੂਹ ਸਟਾਫ਼ ਨੂੰ ਵਧਾਈ ਦਿੱਤੀ।

ਕਾਤਰਾਂ

ਅਗਨੀਵੀਰ ਅੰਮ੍ਰਿਤਪਾਲ ਸਿੰਘ ਅੱਤਵਾਦੀ ਹਮਲੇ 'ਚ ਸ਼ਹੀਦ

ਮਾਨਸਾ (ਗੀਤਵਾਲ)-ਬੀਤੇ ਦਿਨ ਜਿਲ੍ਹੇ ਦੇ ਪਿੰਡ ਕੋਟਲੀ ਕਲਾਂ ਦਾ ਇੱਕ ਅਗਨੀਵੀਰ ਬਹਾਦਰ ਨੌਜਵਾਨ ਸਿਪਾਹੀ ਜੰਮੂ ਕਸ਼ਮੀਰ 'ਚ ਅੱਤਵਾਦੀ ਹਮਲੇ 'ਚ ਗੋਲੀ ਲੱਗਣ ਨਾਲ ਸ਼ਹੀਦ ਹੋ ਗਿਆ, ਜਿਸ ਦੀ ਮੌਤ ਤੋਂ ਬਾਅਦ ਉਸ ਦੀ ਮ੍ਰਿਤਕ ਦੇਹ ਨੂੰ ਪਿੰਡ ਲਿਆਂਦਾ ਗਿਆ। ਪੂਰੇ ਪਰਿਵਾਰ ਦਾ ਰੋ ਰੋ ਕੇ ਬੁਰਾ ਹਾਲ ਹੈ। ਇਸ ਸਬੰਧੀ ਪਰਿਵਾਰ ਨੇ ਦੱਸਿਆ ਕਿ ਅੰਮ੍ਰਿਤਪਾਲ ਸਿੰਘ (19) ਨੂੰ ਫੌਜ 'ਚ ਭਰਤੀ ਹੋਇਆਂ ਇੱਕ ਸਾਲ ਦੇ ਕਰੀਬ ਹੋ ਗਿਆ ਸੀ। ਉਸ ਨੇ ਇਸੇ ਹਫਤੇ ਆਪਣੀ ਭੈਣ ਦੇ ਵਿਆਹ ਲਈ ਛੁੱਟੀ ਲਈ ਸੀ ਤੇ ਘਰ ਜਾਣ ਤੋਂ ਪਹਿਲਾਂ ਇਹ ਘਟਨਾ ਹੋ ਗਈ। ਅੰਮ੍ਰਿਤਪਾਲ ਦੇ ਪਿਤਾ ਨੇ ਦੱਸਿਆ ਕਿ ਉਸ ਦੇ ਬੇਟੇ ਨੂੰ ਖੇਤੀ ਕਰਨ ਦਾ ਬਹੁਤ ਸ਼ੌਕ ਸੀ ਤੇ ਉਹ ਆਪਣੇ ਦੇਸ਼ ਦੀ ਸੇਵਾ ਵੀ ਕਰਨਾ ਚਾਹੁੰਦਾ ਸੀ। ਇਸ ਲਈ ਉਹ ਅਗਨੀਵੀਰ ਆਰਮੀ 'ਚ ਭਰਤੀ ਹੋ ਗਿਆ ਅਤੇ ਘਟਨਾ ਤੋਂ ਇੱਕ ਦਿਨ ਪਹਿਲਾਂ ਹੀ ਮੇਰੀ ਉਸ ਨਾਲ ਗੱਲ ਹੋਈ ਸੀ ਤਾਂ ਉਸ ਨੇ ਕਿਹਾ ਸੀ ਕਿ ਉਹ ਛੁੱਟੀ ਲੈ ਕੇ ਆਪਣੀ ਭੈਣ ਦੇ ਵਿਆਹ 'ਚ ਜਲਦ ਆਵੇਗਾ। ਸ਼ਹੀਦ ਦੇ ਪਿਤਾ ਨੇ ਕਿਹਾ ਕਿ ਮੇਰਾ ਬੇਟਾ ਦੇਸ਼ ਲਈ ਸ਼ਹੀਦ ਹੋਇਆ ਹੈ ਤੇ ਮੈਨੂੰ ਆਪਣੇ ਬੇਟੇ 'ਤੇ ਮਾਣ ਹੈ।

ਇੱਕ ਹਫਤੇ 'ਚ ਕੈਂਸਰ ਨਾਲ ਦੂਸਰੀ ਮੌਤ

ਬਰੇਟਾ (ਗੀਤਵਾਲ)-ਪਿੰਡ ਖੁਡਾਲ ਕਲਾਂ 'ਚ ਕੈਂਸਰ ਨਾਲ ਹੋ ਰਹੀਆਂ ਮੌਤਾਂ ਦੀ ਗਿਣਤੀ ਰੁਕਣ ਦਾ ਨਾਮ ਨਹੀਂ ਲੈ ਰਹੀ ਹੈ। ਅੱਜ ਫਿਰ ਹਫਤੇ 'ਚ ਕੈਂਸਰ ਨਾਲ ਦੂਸਰੀ ਮੌਤ ਹੋਣ ਦਾ ਸਮਾਚਾਰ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਸਮਾਜ ਸੇਵੀ ਗੁਰਵਿੰਦਰ ਸਿੰਘ ਤੇ ਜਸਵੀਰ ਸਿੰਘ ਖੁਡਾਲ ਨੇ ਦੱਸਿਆ ਕਿ ਬੀਤੇ ਵੀਰਵਾਰ ਦੀ ਸ਼ਾਮ ਮੋਹਰ ਸਿੰਘ (65) ਨਾਮ ਦੇ ਵਿਅਕਤੀ ਦੀ ਕੈਂਸਰ ਨਾਲ ਮੌਤ ਹੋ ਗਈ, ਜੋ ਪਿਛਲੇ ਕੁਝ ਕੁ ਸਮੇਂ ਤੋਂ ਬਲੱਡ ਕੈਂਸਰ ਤੋਂ ਪੀੜਤ ਸੀ, ਜਿਸ ਦਾ ਇਲਾਜ ਸੰਗਰੂਰ ਦੇ ਟਾਟਾ ਹਸਪਤਾਲ 'ਚ ਚੱਲ ਰਿਹਾ ਸੀ। ਇਸ ਦਾ ਦਰਦ ਨਾ ਸਹਾਰਦੇ ਹੋਏ ਮੋਹਰ ਸਿੰਘ ਨੇ ਵੀਰਵਾਰ ਦੀ ਸ਼ਾਮ ਘਰ 'ਚ ਦਮ ਤੋੜ ਦਿੱਤਾ। ਮ੍ਰਿਤਕ ਆਪਣੇ ਪਿੱਛੇ ਪਤਨੀ ਤੋਂ ਇਲਾਵਾ ਦੋ ਲੜਕੀਆਂ ਤੇ ਇੱਕ ਲੜਕਾ ਛੱਡ ਗਿਆ ਹੈ। ਪਿੰਡ 'ਚ ਲਗਾਤਾਰ ਕੈਂਸਰ ਨਾਲ ਹੋ ਰਹੀਆਂ ਮੌਤਾਂ ਨੂੰ ਲੈ ਕੇ ਲੋਕਾਂ 'ਚ ਸਹਿਮ ਦਾ ਮਾਹੌਲ ਪਾਇਆ ਜਾ ਰਿਹਾ ਹੈ।

ਸ਼ਹਿਰ ਦੀ ਜੰਮਪਲ ਸਿਮਰਨ ਚਲਾਣਾ ਬਣੀ ਜੱਜ, ਆਗੂਆਂ ਵੱਲੋਂ ਖੁਸ਼ੀ ਦਾ ਪ੍ਰਗਟਾਵਾ

ਮਲੋਟ (ਗੁਰਮੀਤ ਸਿੰਘ ਮੱਕੜ)-ਸ਼ਹਿਰ ਦੀ ਜੰਮਪਲ ਤੇ ਸ਼੍ਰੀ ਸ਼ਾਮ ਲਾਲ ਚਲਾਣਾ ਦੀ ਸਪੁੱਤਰੀ ਸਿਮਰਨ ਚਲਾਣਾ ਪੀ.ਸੀ.ਐੱਸ. ਜੁਡੀਸ਼ਲ ਦੀ ਪ੍ਰੀਖਿਆ ਪਾਸ ਕਰਕੇ ਜੱਜ ਬਣੀ ਹੈ, ਜੋ ਕਿ ਬਤੌਰ ਐਡੀਸ਼ਨਲ ਸੈਸ਼ਨ ਜੱਜ ਰੋਪੜ ਵਿਖੇ ਨਿਯੁਕਤ ਹੋਣ ਜਾ ਰਹੀ ਹੈ। ਉਨ੍ਹਾਂ ਦੀ ਇਸ ਪ੍ਰਾਪਤੀ 'ਤੇ ਨਗਰ ਕੌਂਸਲ ਦੇ ਪ੍ਰਧਾਨ ਸ਼ੁੱਭਦੀਪ ਸਿੰਘ ਬਿੱਟੂ, ਸੀਵਰੇਜ ਬੋਰਡ ਦੇ ਇੰਜੀਨੀਅਰ ਰਾਕੇਸ਼ ਮੋਹਨ ਮੱਕੜ, ਲਵਿੰਗ ਲਿਟਲ ਪਲੇਵੇ ਸਕੂਲ ਦੇ ਪ੍ਰਿੰਸੀਪਲ ਮੀਨਾ ਅਰੋੜਾ, ਪ੍ਰੈੱਸ ਕਲੱਬ ਦੇ ਪ੍ਰਧਾਨ ਗੁਰਮੀਤ ਸਿੰਘ ਮੱਕੜ, ਮੈਂਬਰ ਸਤੀਸ਼ ਗੋਇਲ, ਹਰਪ੍ਰੀਤ ਸਿੰਘ, ਸੰਦੀਪ ਮਲੂਜਾ, ਜੱਜ ਸ਼ਰਮਾ, ਵਿਕਾਸ ਗੁਪਤਾ, ਚੇਤਨ ਭੂਰਾ, ਰੋਹਿਤ ਕਾਲੜਾ, ਪ੍ਰਸ਼ੋਤਮ ਬਾਂਸਲ, ਰਵੀਕਾਂਤ ਕੈਨੇਡੀ, ਸੀਵਰੇਜ ਬੋਰਡ ਦੇ ਜੇ ਈ ਹਰਜਿੰਦਰ ਸਿੰਘ ਗੁਰੋਂ, ਰਾਜਵੰਤ ਸਿੰਘ ਆਦਿ ਨੇ ਖੁਸ਼ੀ ਦਾ ਪ੍ਰਗਟਾਵਾ ਕਰਦੇ ਹੋਏ ਆਪਣੀਆਂ ਸ਼ੁੱਭ-ਕਾਮਨਾਵਾਂ ਭੇਟ ਕੀਤੀਆਂ।

ਅੰਤਰਰਾਸ਼ਟਰੀ ਗਰਲ ਚਾਈਲਡ ਡੇ ਮਨਾਇਆ

ਫਿਰੋਜ਼ਪੁਰ (ਅਸ਼ੋਕ ਸ਼ਰਮਾ)-ਪੰਜਾਬ ਰਾਜ ਕਾਨੂੰਨੀ ਸੇਵਾਵਾਂ ਅਥਾਰਟੀ, ਐੱਸਏਐੱਸ ਨਗਰ (ਮੋਹਾਲੀ) ਦੇ ਮਾਣਯੋਗ ਕਾਰਜਕਾਰੀ ਚੇਅਰਮੈਨ ਦੀਆਂ ਹਦਾਇਤਾਂ ਅਨੁਸਾਰ ਵੀਰਇੰਦਰ ਅਗਰਵਾਲ, ਮਾਨਯੋਗ ਜ਼ਿਲ੍ਹਾ ਤੇ ਸੈਸ਼ਨ ਜੱਜ ਕਮ ਚੇਅਰਮੈ

15-OCT-PAGE-5.qxd 10/14/2023 10:21 PM Page 1

ਬਿੱਲ ਕਲਰਕ ਰਿਸ਼ਵਤ ਲੈਣ ਦੀ ਝਾਕ 'ਚ ਕੰਮ ਨਹੀਂ ਕਰ ਰਹੇ : ਵੈੱਲਫੇਅਰ ਆਗੂ

ਦੀ ਰਿਟਾਇਰਡ ਰੈਵੀਨਿਊ ਕਾਨੂੰਨਗੋ ਪਟਵਾਰੀ ਵੈੱਲਫੇਅਰ ਐਸੋਸੀਏਸ਼ਨ ਦੀ ਮੀਟਿੰਗ

ਮੀਟਿੰਗ ਮੌਕੇ ਹਾਜ਼ਰ ਰਿਟਾਇਰਡ ਰੈਵੀਨਿਊ ਕਾਨੂੰਨਗੋ ਤੇ ਪਟਵਾਰੀ।

ਮੋਗਾ (ਅਮਰਜੀਤ ਬੱਬਰੀ)-ਦੀ ਰਿਟਾਇਰਡ ਰੈਵੀਨਿਊ ਕਾਨੂੰਨਗੋ ਪਟਵਾਰੀ ਵੈੱਲਫੇਅਰ ਐਸੋਸੀਏਸ਼ਨ ਮੋਗਾ ਦੀ ਮੀਟਿੰਗ ਮੱਘਰ ਸਿੰਘ ਚਾਹਿਲ ਜ਼ਿਲ੍ਹਾ ਪ੍ਰਧਾਨ ਦੀ ਪ੍ਰਧਾਨਗੀ ਹੇਠ ਗੁਰਦੁਆਰਾ ਸਾਹਿਬ ਬੀਬੀ ਕਾਹਨ ਕੌਰ ਵਿਖੇ ਹੋਈ, ਜਿਸ ਵਿੱਚ ਸਮੁੱਚੇ ਐਸੋਸੀਏਸ਼ਨ ਮੈਂਬਰ ਸ਼ਾਮਲ ਹੋਏ ਤੇ ਮੀਟਿੰਗ ਦੌਰਾਨ ਹਰਚਰਨਪਾਲ ਸਿੰਘ ਮੀਤ ਪ੍ਰਧਾਨ ਤੇ ਗੁਰਮੇਲ ਸਿੰਘ ਚੌਕੀਦਾਰ ਗਲੋਟੀ ਦੀ ਧਰਮ ਪਤਨੀ ਦੀ ਅਚਨਚੇਤ ਹੋਈ ਮੌਤ 'ਤੇ ਦੋ ਮਿੰਟ ਦਾ ਮੌਨ ਧਾਰ ਕੇ ਵਿੱਛੜੀਆਂ ਰੂਹਾਂ ਨੂੰ ਸ਼ਰਧਾਂਜਲੀ ਭੇਟ ਕੀਤੀ ਗਈ ਤੇ ਪਰਿਵਾਰ ਨਾਲ ਹਮਦਰਦੀ ਪ੍ਰਗਟ ਕੀਤੀ ਗਈ।ਮੀਟਿੰਗ ਵਿੱਚ ਰਿਟਾਇਰਡ ਪਟਵਾਰੀਆਂ, ਕਾਨੂੰਨਗੋਆਂ ਦੇ ਮਸਲਿਆਂ 'ਤੇ ਚਰਚਾ ਕੀਤੀ ਗਈ ਕਿ ਰਿਟਾਇਰਡ ਸਾਥੀਆਂ ਨੂੰ ਜੁਲਾਈ ਤੋਂ ਦਸੰਬਰ ਤੱਕ ਦੇ ਮਿਲਣ ਵਾਲੇ 6% ਡੀ ਏ ਦੀ ਕਿਸ਼ਤ ਦਾ ਬਕਾਇਆ ਸਬੰਧਤ ਬਿੱਲ ਕਲਰਕਾਂ ਵੱਲੋਂ ਵਾਰ-ਵਾਰ ਕਹਿਣ 'ਤੇ ਨਹੀਂ ਬਣਾਇਆ ਗਿਆ।ਬਿੱਲ ਕਲਰਕ ਰਿਸ਼ਵਤ ਲੈਣ ਦੀ ਝਾਕ ਵਿੱਚ ਕੰਮ ਨਹੀਂ ਕਰ ਰਹੇ, ਕੋਈ ਵੀ ਬਿੱਲ ਕਲਰਕ ਆਪਣੇ ਦਫ਼ਤਰ ਨਾਲ ਸਬੰਧਤ ਕੰਮ ਰਿਸ਼ਵਤ ਲਏ ਬਗ਼ੈਰ ਨਹੀਂ ਕਰਦਾ। ਤੰਨ ਮਹੀਨੇ ਬੀਤਣ ਦੇ ਬਾਵਜੂਦ ਉਨ੍ਹਾਂ ਨੇ ਡੱਕਾ ਦੂਹਰਾ ਨਹੀਂ ਕੀਤਾ। ਸਰਕਾਰ ਦੇ ਹੋਂਦ ਵਿੱਚ ਆਉਣ ਨੂੰ ਡੇਢ ਸਾਲ ਤੋਂ ਵੱਧ ਸਮਾਂ ਹੋ ਗਿਆ ਹੈ, ਪਰ ਡਿਪਟੀ ਕਮਿਸ਼ਨਰ ਦਫ਼ਤਰ ਦੇ ਬਾਬੂ ਭਗਵੰਤ ਮਾਨ ਸਰਕਾਰ ਨੂੰ ਟਿਚ ਸਮਝਦੇ ਹਨ, ਪਬਲਿਕ ਤੇ ਰਿਟਾਇਰਡ ਮੁਲਾਜ਼ਮਾਂ ਨੂੰ ਦਫ਼ਤਰਾਂ ਵਿੱਚ ਰਿਸ਼ਵਤ ਦੇ ਕੇ ਕੰਮ ਕਰਵਾਉਣੇ ਪੈਂਦੇ ਹਨ। ਸਾਥੀਆਂ ਨੇ ਦੱਸਿਆ ਕਿ ਵੱਖ-ਵੱਖ ਤਹਿਸੀਲਾਂ ਦੇ ਬਿਲ ਕਲਰਕ ਡੀ ਏ ਦਾ ਬਕਾਇਆ ਤਿਆਰ ਕਰਕੇ ਖਜ਼ਾਨਾ ਦਫ਼ਤਰ ਭੇਜਣ ਲਈ ਟਾਲ ਮਟੋਲ ਕਰ ਰਹੇ ਹਨ।ਰਿਟਾਇਰਡ ਸਾਥੀਆਂ ਦੇ ਕੇਸ ਤਿਆਰ ਕਰਕੇ ਨਹੀਂ ਭੇਜੇ ਜਾ ਰਿਹੇ।ਜੇ ਅਕਤੂਬਰ ਦੇ ਅਖੀਰ ਤੱਕ ਕੇਸ ਤਿਆਰ ਕਰਕੇ ਨਾ ਭੇਜੇ ਤਾਂ ਉਨ੍ਹਾ ਦੇ ਦਫ਼ਤਰਾਂ ਸਮੇਤ ਸਬੰਧਤ ਤਹਿਸੀਲਦਾਰਾ ਦਾ ਘਿਰਾਓ ਕੀਤਾ ਜਾਵੇਗਾ, ਜਿਸ ਦੀ ਜ਼ੁੰਮੇਵਾਰੀ ਡਿਪਟੀ ਕਮਿਸ਼ਨਰ ਮੋਗਾ ਦੀ ਹੋਵੇਗੀ।ਮੀਟਿੰਗ ਦੌਰਾਨ ਇਹ ਵੀ ਪਾਸ ਕੀਤਾ ਗਿਆ ਕਿ ਜੋ ਸਾਥੀ ਲੇਟ ਲਾਤੀਫ ਹਨ, ਉਹ ਸਮੇਂ ਸਿਰ ਮੀਟਿੰਗ ਵਿੱਚ ਹਾਜ਼ਰ ਹੋਇਆ ਕਰਨ।

ਮੀਟਿੰਗ ਦੌਰਾਨ ਹਾਜ਼ਰ ਸਾਥੀਆਂ ਵਿੱਚ ਦਰਸ਼ਨ ਸਿੰਘ ਗਿੱਲ ਜ਼ਿਲ੍ਹਾ ਪ੍ਰਧਾਨ, ਹਰੀਕ੍ਰਿਸ਼ਨ ਸਿੰਘ ਜਨਰਲ ਸਕੱਤਰ, ਗੁਰਮੇਲ ਸਿੰਘ ਖਜ਼ਾਨਚੀ, ਨਾਇਬ ਸਿੰਘ ਮੱਲੀ ਸਹਾਇਕ ਸਕੱਤਰ, ਠਾਣਾ ਸਿੰਘ ਮੀਤ ਪ੍ਰਧਾਨ, ਬਲਦੇਵ ਸਿੰਘ ਮੀਤ ਪ੍ਰਧਾਨ, ਗੁਰਚਰਨ ਸਿੰਘ ਢਿਪਾਲੀ ਮੀਤ ਪ੍ਰਧਾਨ, ਨਾਇਬ ਸਿੰਘ ਦੌਲਤਪੁਰਾ ਸੰਗਠਨ ਸਕੱਤਰ, ਸੁਖਦੇਵ ਸਿੰਘ ਖੋਸਾ ਦਫ਼ਤਰ ਸਕੱਤਰ, ਮੱਖਣਜੀਤ ਕਾਨੂੰਨੀ ਸਕੱਤਰ, ਗੁਰਮੇਲ ਸਿੰਘ ਰਖਾਲਾ, ਮੱਖਣ ਸਿੰਘ ਦੌਲਤਪੁਰਾ ਆਦਿ ਸ਼ਾਮਲ ਹੋਏ।

ਮਜ਼ਦੂਰਾਂ ਨੇ ਰੁਪਾਣਾ 'ਚ ਫੂਕਿਆ ਕੇਂਦਰ ਤੇ ਪੰਜਾਬ ਸਰਕਾਰ ਦੀ ਪੁਤਲਾ

ਮੁਕਤਸਰ (ਸ਼ਮਿੰਦਰਪਾਲ, ਪੂਜਾ)

ਕੇਂਦਰ ਸਰਕਾਰ ਨੇ ਮਜ਼ਦੂਰ ਦੀ ਦਿਹਾੜੀ ਦਾ ਸਮਾਂ 8 ਘੰਟੇ ਤੋਂ ਵਧਾ ਕੇ 12 ਘੰਟੇ ਕਰਨ ਦੇ ਰੋਸ ਵਜੋਂ ਪਿੰਡ ਰੁਪਾਣਾ ਵਿਖੇ ਮਜ਼ਦੂਰਾਂ ਨੇ ਸਰਕਾਰਾਂ ਦੇ ਇਸ ਫੈਸਲੇ ਵਿਰੁੱਧ ਜੰਮ ਕੇ ਨਾਅਰੇਬਾਜ਼ੀ ਕੀਤੀ ਤੇ ਪੁਤਲਾ ਫੂਕਿਆ ਗਿਆ। ਇਸ ਮੌਕੇ ਪਹੁੰਚੇ ਜ਼ਿਲ੍ਹਾ ਮੁਕਤਸਰ ਦੇ ਸੀਟੂ ਆਗੂ ਕਾਮਰੇਡ ਤਰਸੇਮ ਲਾਲ ਤੇ ਕਾਮਰੇਡ ਰਾਜ ਕੁਮਾਰ ਨੇ ਕਿਹਾ ਕਿ ਇੱਕ ਸਮਾਂ ਸੀ, ਜਦੋਂ ਸਾਮਰਾਜੀਆਂ ਵੱਲੋਂ ਮਜ਼ਦੂਰ ਤੋਂ 16-16 ਘੰਟੇ ਕੰਮ ਲਿਆ ਜਾਂਦਾ ਸੀ ਤੇ ਉਸ ਦੇ ਬਾਅਦ ਮਜ਼ਦੂਰਾਂ ਨੇ ਕੰਮ ਦੀ ਦਿਹਾੜੀ ਦੇ 8 ਘੰਟੇ ਲਹੂ ਚੀਰਵੇਂ ਸੰਘਰਸ਼ ਤੇ ਕੁਰਬਾਨੀਆਂ ਦੇ ਕੇ ਕਰਵਾਏ ਸੀ ਫਿਰ ਕਿਤੇ ਜਾ ਕੇ ਕਿਰਤ ਕਾਨੂੰਨ ਦੀ ਸਥਾਪਨਾ ਹੋਈ ਸੀ ਤੇ ਹੁਣ ਕਾਰਪੋਰੇਟ ਘਰਾਣਿਆਂ ਤੇ ਬਹੁਰਾਸ਼ਟਰੀ ਕੰਪਨੀਆਂ ਦੀ ਝੋਲੀ ਚੁੱਕ ਕੇਂਦਰ ਸਰਕਾਰ ਨੇ ਕਿਰਤ ਕਾਨੂੰਨ ਤੋੜ ਕੇ ਚਾਰ ਕੋਡ ਬਣਾਉਣ ਦੇ ਬਾਅਦ ਮਜ਼ਦੂਰਾਂ ਦੀ ਦਿਹਾੜੀ ਦਾ ਸਮਾਂ 8 ਤੋਂ 12 ਘੰਟੇ ਕਰਕੇ ਮਜ਼ਦੂਰ ਵਰਗ ਦੀ ਪਿੱਠ ਵਿੱਚ ਛੁਰਾ ਮਾਰਿਆ ਹੈ। ਮਜ਼ਦੂਰ ਵਰਗ ਕਿਸੇ ਵੀ ਹਾਲਤ ਵਿੱਚ ਇਨ੍ਹਾਂ ਦੇ ਮਨਸੂਬੇ ਪੂਰੇ ਨਹੀਂ ਹੋਣ ਦੇਣਗੇ। ਉਨ੍ਹਾਂ ਕਿਹਾ ਕਿ ਆਉਣ ਵਾਲੇ ਦਿਨਾਂ ਵਿੱਚ ਮਜ਼ਦੂਰਾਂ ਵੱਲੋਂ ਇਹ ਸੰਘਰਸ਼ ਹੋਰ ਤਿੱਖਾ ਕੀਤਾ ਜਾਵੇਗਾ। ਇਸ ਮੌਕੇ ਸੁਖਦੇਵ ਸਿੰਘ, ਬਲਵੀਰ ਸਿੰਘ, ਚੜ੍ਹਤਾ ਸਿੰਘ, ਬਲਦੇਵ ਸਿੰਘ, ਸੁਰਜੀਤ ਸਿੰਘ, ਗੁਰਜੰਟ ਸਿੰਘ, ਸਰਦੂਲ ਸਿੰਘ, ਜੋਗਿੰਦਰ ਸਿੰਘ, ਬੂਟਾ ਸਿੰਘ, ਚਰਨਾ ਸਿੰਘ, ਵੀਰਪਾਲ ਕੌਰ ਰੁਪਾਣਾ, ਮੱਖਣ ਸਿੰਘ, ਰਤਨ ਸਿੰਘ, ਕਰਨੈਲ ਸਿੰਘ, ਕਸ਼ਮੀਰ ਸਿੰਘ, ਚੰਚਲ ਰਾਮ, ਲੱਖਾ ਸਿੰਘ, ਸੁੱਖਾ ਸਿੰਘ, ਕਾਕਾ ਸਿੰਘ, ਹਰਜੀਤ ਸਿੰਘ, ਦਾਰਾ ਸਿੰਘ ਆਦਿ ਹਾਜ਼ਰ ਹਨ।

ਸ਼ਹੀਦ ਫੌਜੀ ਪਰਵਿੰਦਰ ਸਿੰਘ ਨੂੰ ਵੱਖ-ਵੱਖ ਆਗੂਆਂ ਵੱਲੋਂ ਸ਼ਰਧਾਂਜਲੀਆਂ

ਦਿੜ੍ਹਬਾ (ਜਸਵੀਰ ਲਾਡੀ)

ਇੱਥੋਂ ਨਾਲ ਲੱਗਦੇ ਪਿੰਡ ਛਾਜਲੀ ਦਾ ਪਰਵਿੰਦਰ ਸਿੰਘ, ਜੋ ਪਿਛਲੇ ਦਿਨੀਂ ਕਾਰਗਿੱਲ ਦੀਆਂ ਪਹਾੜੀਆਂ ਵਿੱਚ ਫੌਜ ਦੀ ਨੌਕਰੀ ਦੌਰਾਨ ਸ਼ਹੀਦ ਹੋ ਗਿਆ ਸੀ, ਉਸ ਦੀ ਆਤਿਮਕ ਅਰਦਾਸ ਤੇ ਸ਼ਰਧਾਂਜਲੀ ਸਮਾਗਮ ਪਿੰਡ ਦੀ ਸਮਰਾਓਂ ਪੱਤੀ ਦੇ ਗੁਰਦੁਆਰਾ ਸਾਹਿਬ ਵਿਖੇ ਕੀਤਾ ਗਿਆ, ਜਿਸ ਵਿੱਚ ਵੱਖ ਵੱਖ ਰਾਜਨੀਤਕ ਪਾਰਟੀਆਂ, ਜਨਤਕ ਜਥੇਬੰਦੀਆਂ ਦੇ ਆਗੂ, ਗ੍ਰਾਮ ਪੰਚਾਇਤਾਂ ਦੇ ਪੰਚ ਸਰਪੰਚ ਅਤੇ ਵੱਖ ਵੱਖ ਕਲੱਬਾਂ ਦੇ ਪ੍ਰਧਾਨਾਂ ਨੇ ਸ਼ਰਧਾ ਦੇ ਫੁੱਲ ਭੇਟ ਕੀਤੇ। ਸ੍ਰ. ਪਰਮਜੀਤ ਸਿੰਘ ਢੀਂਡਸਾ ਵਾਇਸ ਪ੍ਰਧਾਨ ਐਕਸ ਵੈੱਲਫੇਅਰ ਆਰਮੀ ਕਮੇਟੀ ਪੰਜਾਬ ਨੇ ਕਿਹਾ ਕਿ ਪਰਵਿੰਦਰ ਸਿੰਘ ਨੇ ਆਪਣੀ ਸ਼ਹਾਦਤ ਦੇਸ਼ ਲਈ ਦਿੱਤੀ ਹੈ, ਜੋ ਹਮੇਸ਼ਾ ਯਾਦ ਰਹੇਗੀ। ਭਾਰਤੀ ਕਿਸਾਨ ਯੂਨੀਆਨ ਏਕਤਾ ਉਗਰਾਹਾਂ ਦੇ ਸੂਬਾ ਪ੍ਰਧਾਨ ਜੋਗਿੰਦਰ ਸਿੰਘ ਉਗਰਾਹਾਂ ਨੇ ਸ਼ਰਧਾ ਦੇ ਫੁੱਲ ਭੇਟ ਕਰਦਿਆਂ ਪਰਿਵਾਰ ਦੀ ਹਰ ਸਮੱਸਿਆ ਵਿੱਚ ਆਪਣੀ ਜਥੇਬੰਦੀ ਵੱਲੋਂ ਹਰ ਮਦਦ ਦੇਣ ਦਾ ਭਰੋਸਾ ਦਿਵਾਇਆ। ਆਖਰ ਵਿੱਚ ਹਰਪਾਲ ਸਿੰਘ ਚੀਮਾ ਐੱਮ.ਐੱਲ.ਏ. ਦਿੜ੍ਹਬਾ ਤੇ ਵਿੱਤ ਮੰਤਰੀ ਪੰਜਾਬ ਸਰਕਾਰ ਨੇ ਸ਼ਹੀਦ ਨੂੰ ਸ਼ਰਧਾਂਜਲੀ ਦਿੰਦਿਆਂ ਕਿਹਾ ਕਿ ਸ਼ਹੀਦ ਕੌਮ ਤੇ ਦੇਸ਼ ਦਾ ਸਰਮਾਇਆ ਹੁੰਦੇ ਹਨ। ਪਰਵਿੰਦਰ ਸਿੰਘ ਦਾ ਪੂਰਾ ਪਰਿਵਾਰ ਦੇਸ਼ ਦੀ ਰਾਖੀ ਵਿੱਚ ਪਿਤਾ ਸ੍ਰ. ਗੁਰਜੀਤ ਸਿੰਘ ਪਹਿਲਾਂ ਫੌਜ ਵਿੱਚੋਂ ਰੀਟਾਇਰ ਹਨ ਤੇ ਭਰਾ ਫੌਜ ਵਿੱਚ ਸਰਵਿਸ ਕਰ ਰਿਹਾ ਹੈ, ਜੋ ਬਹੁਤ ਹੀ ਮਾਣ ਵਾਲੀ ਗੱਲ ਹੈ। ਇਸ ਮੌਕੇ ਪੰਚਾਇਤ ਤੇ ਪਰਿਵਾਰ ਵੱਲੋਂ ਮੰਗ ਕੀਤੀ ਗਈ ਕਿ ਸ਼ਹੀਦ ਦੇ ਨਾਮ 'ਤੇ ਸਕੂਲ ਦਾ ਨਾਮ ਰੱਖਿਆ ਜਾਵੇ, ਇੱਕ ਸਟੇਡੀਅਮ ਦਾ ਨਾਮ, ਪਿੰਡ 'ਚ ਸ਼ਹੀਦ ਦਾ ਬੁੱਤ ਤੇ ਪੰਜਾਬ ਸਰਕਾਰ ਵੱਲੋਂ ਸ਼ਹੀਦ ਦੀ ਪਤਨੀ ਗਗਨਦੀਪ ਕੌਰ ਨੂੰ ਨੌਕਰੀ ਦਿੱਤੀ ਜਾਵੇ। ਵਿੱਤ ਮੰਤਰੀ ਨੇ ਕਿਹਾ ਕਿ ਇੱਕ ਹਫਤੇ ਦੇ ਅੰਦਰ ਅੰਦਰ ਪੰਜਾਬ ਸਰਕਾਰ ਵੱਲੋਂ ਇੱਕ ਕਰੋੜ ਦੀ ਰਾਸ਼ੀ ਦੇ ਕੇ ਮੰਗਾਂ ਦਾ ਐਲਾਨ ਕੀਤਾ ਜਾਵੇਗਾ। ਇਸ ਮੌਕੇ ਸ਼੍ਰੋਮਣੀ ਅਕਾਲੀ ਦਲ ਦੇ ਹਲਕਾ ਇੰਚਾਰਜ ਗੁਲਜਾਰੀ ਮੂਨਕ, ਵਰਿੰਦਰ ਗੋਇਲ ਐਮ.ਐਲ.ਏ. ਹਲਕਾ ਲਹਿਰਾ ਗਾਗਾ, ਸੁਰਜੀਤ ਸਿੰਘ ਧੀਮਾਨ ਸਾਬਕਾ ਐਮ ਐਲ ਏ, ਦਿਲਬੀਰ ਸਿੰਘ ਗੋਲਡੀ ਸਾਬਕਾ ਐਮ.ਐਲ.ਏ. ਧੂਰੀ, ਗ੍ਰਾਮ ਪੰਚਾਇਤ ਛਾਜਲੀ ਇੰਦਰਜੀਤ ਬਾਵਾ, ਭਾਰਤੀ ਕਿਸਾਨ ਯੂਨੀਅਨ ਡਕੌਂਦਾ ਦੇ ਬਲਾਕ ਪ੍ਰਧਾਨ ਬਿੰਦਰਪਾਲ ਜੇਟਾ, ਭਾਰਤੀ ਕਿਸਾਨ ਯੂਨੀਅਨ ਅਜ਼ਾਦ ਦੇ ਕਾਰਜਕਾਰੀ ਜ਼ਿਲ੍ਹਾ ਪ੍ਰਧਾਨ ਸੰਤਰਾਮ ਸਿੰਘ, ਜਗਦੇਵ ਸਿੰਘ ਰਾਗਾ ਕਾਂਗਰਸੀ ਆਗੂ, ਮਾਸਟਰ ਰਣਜੀਤ ਸਿੰਘ ਆਗੂ ਸ੍ਰੋ.ਅ. ਦਲ ਸੰਯੁਕਤ, ਬਿਕਰਮਜੀਤ ਸਿੰਘ ਵਿੱਕੀ ਆਗੂ ਸ੍ਰੋ.ਅ.ਦਲ ਸੰਯੁਕਤ, ਗੁਰਬਿਆਸ ਸਿੰਘ, ਹਰਵਿੰਦਰ ਮੰਡੇਰ, ਜਗਤਾਰ ਸਿੰਘ ਤਾਰਾ ਪ੍ਰਧਾਨ ਪੱਲੇਦਾਰ ਯੂਨੀਅਨ, ਮੰਹਤ ਅਮਰਜੀਤ ਬਣ, ਮਾਸਟਰ ਦਰਬਾਰਾ ਸਿੰਘ, ਡਾ. ਪਿਆਰਾ ਸਿੰਘ ਪ੍ਰਧਾਨ ਪੰਜਾਬ ਆਯੂਰਵੈਦ ਸੇਵਾ ਸੰਘ ਆਦਿ ਹਾਜ਼ਰ ਸਨ। ਸਟੇਜ ਦੀ ਜ਼ੁੰਮੇਵਾਰੀ ਡਾ. ਜੁਗਰਾਜ ਸਿੰਘ ਨੇ ਨਿਭਾਈ।

ਕਾਤਰਾਂ

ਮੰਦਰ ਸਿੰਘ ਈ-ਰਿਕਸ਼ਾ ਯੂਨੀਅਨ ਦੇ ਪ੍ਰਧਾਨ ਚੁਣੇ

ਮਲੋਟ (ਗੁਰਮੀਤ ਸਿੰਘ ਮੱਕੜ)-ਸਥਾਨਕ ਈ-ਰਿਕਸ਼ਾ ਯੂਨੀਅਨ ਦੀ ਮੀਟਿੰਗ ਮੰਦਰ ਸਿੰਘ ਦੀ ਪ੍ਰਧਾਨਗੀ ਹੇਠ ਹੋਈ, ਜਿਸ ਵਿੱਚ ਕੁੱਝ ਮਹੀਨੇ ਪਹਿਲਾਂ ਬਣਾਏ ਗਏ ਪ੍ਰਧਾਨ ਬਲਜਿੰਦਰ ਸਿੰਘ ਉਰਫ਼ ਬਿੱਲੂ ਦੀਆਂ ਗਤੀਵਿਧੀਆਂ ਬਾਰੇ ਵਿਚਾਰ ਚਰਚਾ ਕੀਤੀ ਗਈ ਅਤੇ ਸਾਰੇ ਸਾਥੀਆਂ ਨੇ ਸਹਿਮਤੀ ਪ੍ਰਗਟ ਕੀਤੀ ਕਿ ਬਲਜਿੰਦਰ ਸਿੰਘ ਪ੍ਰਧਾਨਗੀ ਦੇ ਕਾਬਿਲ ਨਹੀਂ ਅਤੇ ਸਰਬਸੰਮਤੀ ਨਾਲ ਇਹ ਫੈਸਲਾ ਮੰਨਦੇ ਹੋਏ ਬਲਜਿੰਦਰ ਸਿੰਘ ਨੂੰ ਰਿਕਸ਼ਾ ਯੂਨੀਅਨ ਦੀ ਪ੍ਰਧਾਨਗੀ ਤੋਂ ਖਾਰਜ ਕਰਦੇ ਹੋਏ ਜ਼ਿਲ੍ਹਾ ਚੇਅਰਮੈਨ ਕਾਮਰੇਡ ਅਮਰੀਕ ਸਿੰਘ ਦੀ ਨਿਗਰਾਨੀ ਹੇਠ ਮੰਦਰ ਸਿੰਘ ਨੂੰ ਪ੍ਰਧਾਨ ਨਿਯੁਕਤ ਕੀਤਾ ਗਿਆ। ਇਹ ਵੀ ਫ਼ੈਸਲਾ ਕੀਤਾ ਗਿਆ ਕਿ ਅੱਗੇ ਤੋਂ ਬਲਜਿੰਦਰ ਸਿੰਘ ਦਾ ਈ-ਰਿਕਸ਼ਾ ਯੂਨੀਅਨ ਨਾਲ ਕੋਈ ਸਬੰਧ ਨਹੀਂ ਹੈ ਤੇ ਜੇਕਰ ਉਹ ਆਪਣੇ ਅਹੁਦੇ ਜਾਂ ਲੈਟਰਪੈਡ ਦੀ ਗਲਤ ਵਰਤੋਂ ਕਰੇਗਾ ਤਾਂ ਉਸ ਦਾ ਜ਼ਿੰਮੇਵਾਰ ਉਹ ਖੁਦ ਹੋਵੇਗਾ।

ਐੱਨ ਸੀ ਸੀ ਕੈਡਿਟਾਂ ਨੇ ਸਬਜ਼ੀ ਮੰਡੀ ਦੀ ਕੀਤੀ ਸਫ਼ਾਈ

ਮਲੋਟ (ਗੁਰਮੀਤ ਸਿੰਘ ਮੱਕੜ)-6 ਪੰਜਾਬ ਕੰਨਿਆ ਬਟਾਲੀਅਨ ਐੱਨ.ਸੀ.ਸੀ. ਅਕੈਡਮੀ ਮਲੋਟ ਦੇ ਕਮਾਂਡਿੰਗ ਅਫ਼ਸਰ ਕਰਨਲ ਰਣਬੀਰ ਸਿੰਘ (ਸੈਨਾ ਮੈਡਲ), ਮੈਡਮ ਯੇਸ਼ੂ ਮੁਦਗਲ ਤੇ ਸੂਬੇਦਾਰ ਐੱਮ. ਰਾਮਰ ਦੀ ਅਗਵਾਈ ਹੇਠ ਸਵੱਛ ਭਾਰਤ ਅਭਿਆਨ ਤਹਿਤ ਦਾਣਾ ਮੰਡੀ ਵਿਖੇ ਸਥਿਤ ਸਬਜ਼ੀ ਮੰਡੀ ਦੀ ਸਾਫ਼ ਸਫ਼ਾਈ ਕੀਤੀ ਗਈ। ਇਸ ਅਭਿਆਨ ਵਿੱਚ 5 ਜੇ.ਸੀ.ਓ, 2 ਐੱਨ.ਸੀ.ਓ, 4 ਏ.ਐੱਨ.ਓ, 3 ਸੀ.ਟੀ.ਓ ਤੇ 176 ਕੈਡਿਟਾਂ ਵੱਲੋਂ ਯੋਗਦਾਨ ਦਿੱਤਾ ਗਿਆ, ਜਿਨ੍ਹਾਂ ਵੱਲੋਂ ਸਬਜ਼ੀ ਮੰਡੀ ਦੀ ਸਾਫ਼ ਸਫ਼ਾਈ ਕਰਨ ਉਪਰੰਤ ਲੋਕਾਂ ਨੂੰ ਆਪਣੇ ਆਲੇ ਦੁਆਲੇ ਦੀ ਸਾਫ਼ ਸਫ਼ਾਈ ਰੱਖਣ ਲਈ ਵੀ ਜਾਗਰੂਕ ਕੀਤਾ ਗਿਆ।

ਨੌਜਵਾਨ ਚਿੱਟੇ ਦੀ ਭੇਟ ਚੜ੍ਹਿਆ

ਧਰਮਕੋਟ (ਗੁਰਦੀਪ ਸਿੰਘ ਭੁੱਲਰ)-ਥਾਣਾ ਧਰਮਕੋਟ ਅਧੀਨ ਆਉਂਦੇ ਪਿੰਡ ਕੋਟ ਮੁਹੰਮਦ ਖਾਂ ਦਾ ਨੌਜਵਾਨ ਨਗਿੰਦਰਪਾਲ ਸਿੰਘ (26) ਪੁੱਤਰ ਸੁਰਜੀਤ ਸਿੰਘ, ਜੋ ਨਸ਼ੇ ਦਾ ਆਦੀ ਦੱਸਿਆ ਜਾਂਦਾ ਹੈ, ਵੱਲੋਂ ਓਵਰਡੋਜ਼ ਲੈਣ ਕਾਰਨ ਉਸ ਦੀ ਮੌਤ ਹੋ ਗਈ। ਪ੍ਰਾਪਤ ਜਾਣਕਾਰੀ ਮੁਤਾਬਕ ਉਕਤ ਨੌਜਵਾਨ, ਜੋ ਕਿ ਪਿੰਡ ਨੂਰਪੁਰ ਹਕੀਮਾਂ ਵਿਖੇ ਨਸ਼ਾ ਕਰਨ ਗਿਆ ਸੀ ਤੇ ਇਹ ਪਿੰਡ ਅਕਸਰ ਹੀ ਚਿੱਟੇ ਦੇ ਕਾਰੋਬਾਰ ਸਬੰਧੀ ਕਾਫੀ ਚਰਚਾ ਵਿੱਚ ਚੱਲ ਰਿਹਾ ਹੈ, ਵੱਲੋਂ ਲਈ ਗਈ ਓਵਰਡੋਜ਼ ਦੇ ਫਲਸਰੂਪ ਮੌਕੇ 'ਤੇ ਹੀ ਦਮ ਤੋੜ ਗਿਆ। ਇਸ ਸਬੰਧੀ ਮ੍ਰਿਤਕ ਦੇ ਰਿਸ਼ਤੇਦਾਰਾਂ ਵੱਲੋਂ ਥਾਣਾ ਧਰਮਕੋਟ ਵਿਖੇ ਸਿਮਰਨਜੀਤ ਕੌਰ ਪਤਨੀ ਹਰਜਿੰਦਰ ਸਿੰਘ, ਪ੍ਰਗਟ ਸਿੰਘ ਵਲਦ ਬਸੰਤ ਸਿੰਘ ਤੇ ਜੋਤੀ ਪਤਨੀ ਪ੍ਰਗਟ ਸਿੰਘ ਵਾਸੀ ਨੂਰਪੁਰ ਹਕੀਮਾ ਵਿਰੁੱਧ ਮੁਕੱਦਮਾ ਦਰਜ ਕਰਵਾਇਆ ਗਿਆ ਹੈ। ਸਿਮਰਨਜੀਤ ਕੌਰ ਨੂੰ ਗਿਰਫਤਾਰ ਕਰ ਲਿਆ ਹੈ, ਜਦੋਂ ਕਿ ਬਾਕੀ ਦੋ ਜਣੇ ਫਰਾਰ ਦੱਸੇ ਜਾ ਰਹੇ ਹਨ।

ਅਧਿਆਪਕਾਂ ਦੀਆਂ ਬਿਨਾਂ ਸਹਿਮਤੀ ਬਦਲੀਆਂ ਦਾ ਜੀ ਟੀ ਯੂ ਵੱਲੋਂ ਵਿਰੋਧ

ਜ਼ੀਰਾ (ਨਰਿੰਦਰ ਅਨੇਜਾ)-ਗੌਰਮਿੰਟ ਟੀਚਰਜ਼ ਯੂਨੀਅਨ ਪੰਜਾਬ ਨੇ ਅਧਿਆਪਕਾਂ ਦੀ ਸਹਿਮਤੀ ਲਏ ਬਿਨਾਂ ਉਨ੍ਹਾਂ ਦੀਆਂ ਬਦਲੀਆਂ ਸਕੂਲ ਆਫ ਐਮੀਨੈਂਸ ਵਿੱਚ ਕਰਨ ਦਾ ਵਿਰੋਧ ਕੀਤਾ ਹੈ। ਜਥੇਬੰਦੀ ਦੇ ਸੂਬਾਈ ਪ੍ਰਧਾਨ ਸੁਖਵਿੰਦਰ ਸਿੰਘ ਚਾਹਲ, ਸੂਬਾਈ ਜਨਰਲ ਸਕੱਤਰ ਗੁਰਬਿੰਦਰ ਸਿੰਘ ਸਸਕੌਰ, ਜ਼ਿਲ੍ਹਾ ਪ੍ਰਧਾਨ ਬਲਵਿੰਦਰ ਸਿੰਘ ਭੁੱਟੋ, ਰਾਜੀਵ ਹਾਂਡਾ ਤੇ ਬਲਵਿੰਦਰ ਸਿੰਘ ਸੰਧੂ ਵੱਲੋਂ ਜਾਰੀ ਬਿਆਨ ਰਾਹੀਂ ਕਿਹਾ ਹੈ ਕਿ ਅਧਿਆਪਕਾਂ ਦੀ ਸਹਿਮਤੀ ਲਏ ਬਿਨਾਂ ਉਨ੍ਹਾਂ ਦੀਆਂ ਬਦਲੀਆਂ ਕਰਕੇ ਸਰਕਾਰ ਨਵੀਂ ਸਿੱਖਿਆ ਨੀਤੀ ਨੂੰ ਹੀ ਤੇਜ਼ੀ ਨਾਲ ਲਾਗੂ ਕਰ ਰਹੀ ਹੈ, ਕਿਉਂਕਿ ਪਿੰਡਾਂ 'ਚੋਂ ਅਧਿਆਪਕਾਂ ਦੀਆਂ ਬਦਲੀਆਂ ਕਰਕੇ ਉਨ੍ਹਾਂ ਸਕੂਲਾਂ ਦੇ ਬੱਚਿਆਂ ਨੂੰ ਸੰਬੰਧਤ ਵਿਸ਼ੇ ਦੀ ਸਿੱਖਿਆ ਤੋਂ ਵਿਰਵੇਂ ਕਰਨਾ ਕਿਸੇ ਤਰ੍ਹਾਂ ਵੀ ਤਰਕਸੰਗਤ ਨਹੀਂ ਹੈ। ਜ਼ਿਲ੍ਹਾ ਜਨਰਲ ਸਕੱਤਰ ਜਗਸੀਰ ਸਿੰਘ ਗਿੱਲ, ਗੁਰਚਰਨ ਸਿੰਘ

page-6-15-(OCTO)-2023-G-(BV).qxd 10/14/2023 10:31 PM Page 1

ਫ਼ਲਸਤੀਨੀਆਂ ਦੇ ਨਸਲਘਾਤ ਦੀ ਨੀਤੀ ਵਿਰੁੱਧ ਦੇਸ਼ ਭਗਤ ਯਾਦਗਾਰ ਕਮੇਟੀ ਨੇ ਉਠਾਈ ਆਵਾਜ਼

ਜਲੰਧਰ (ਕੇਸਰ)- ਦੇਸ਼ ਭਗਤ ਯਾਦਗਾਰ ਕਮੇਟੀ ਵੱਲੋਂ ਬਣਾਈਆਂ ਮੇਲਾ ਸੰਚਾਲਨ ਕਮੇਟੀਆਂ ਦੇ ਕਨਵੀਨਰਾਂ ਦੀ ਮੀਟਿੰਗ ਦਾ ਆਗਾਜ਼ ਖੜ੍ਹੇ ਹੋ ਕੇ ਇਹ ਮਤਾ ਪਾਸ ਕਰਨ ਨਾਲ ਹੋਇਆ ਕਿ ਆਜ਼ਾਦੀ ਸੰਗਰਾਮ ਵਿੱਚ ਇਨਕਲਾਬੀ ਭੂਮਿਕਾ ਅਦਾ ਕਰਨ ਵਾਲੀ ਗ਼ਦਰ ਪਾਰਟੀ ਦੇ ਪ੍ਰਮੁੱਖ ਉਦੇਸ਼ਾਂ 'ਚ ਦਰਜ ਦਿਸ਼ਾ ਨਿਰਦੇਸ਼ਾਂ ਮੁਤਾਬਕ ਗ਼ਦਰੀਆਂ ਦੀਆਂ ਵਾਰਸ ਕਹਾਉਣ ਵਾਲੀਆਂ ਸਮੂਹ ਲੋਕ-ਪੱਖੀ, ਜਮਹੂਰੀ ਸੰਸਥਾਵਾਂ ਦਾ ਇਹ ਨੈਤਿਕ ਫ਼ਰਜ਼ ਬਣਦਾ ਹੈ ਕਿ ਉਹ ਇਜ਼ਰਾਈਲ ਵੱਲੋਂ ਮਾਰੂ ਹਥਿਆਰਾਂ ਦੇ ਜ਼ੋਰ ਗਾਜਾ ਪੱਟੀ ਦਾ ਘਿਰਾਓ ਅਤੇ ਮੁੱਢਲੀਆਂ ਜ਼ਰੂਰਤਾਂ ਦੀ ਨਾਕਾਬੰਦੀ ਕਰਕੇ ਜੋ ਫ਼ਲਸਤੀਨੀ ਲੋਕਾਂ ਦਾ ਨਸਲਘਾਤ ਕਰਨ ਵਿਰੁੱਧ ਲੋਕ-ਆਵਾਜ਼ ਬੁਲੰਦ ਕਰਨ।

ਲੋਕਾਂ ਸਿਰ ਮੜ੍ਹੀ ਨਿਹੱਕੀ ਜੰਗ ਤੁਰੰਤ ਬੰਦ ਕੀਤੀ ਜਾਏ। ਬੇਕਸੂਰ ਨਿਹੱਥੇ ਲੋਕਾਂ ਦਾ ਘਾਣ ਦੁਨੀਆਂ ਦੇ ਕਿਸੇ ਵੀ ਕੋਨੇ ਵਿੱਚ ਕਿਸੇ ਵੱਲੋਂ ਵੀ ਕੀਤਾ ਜਾਏ, ਉਸਦਾ ਵਿਰੋਧ ਕੀਤਾ ਜਾਏ। ਇੱਕ ਹੋਰ ਮਤੇ ਰਾਹੀਂ ਮੰਗ ਕੀਤੀ ਗਈ ਕਿ ਨਿਊਜ਼ ਕਲਿੱਕ ਦੇ ਬਾਨੀਆਂ ਅਤੇ ਨਾਮਵਰ ਪੱਤਰਕਾਰਾਂ ਉਪਰ ਮੜ੍ਹੇ ਝੂਠੇ ਕੇਸ ਵਾਪਸ ਲਏ ਜਾਣ। ਦੇਸ਼ ਭਗਤ ਯਾਦਗਾਰ ਕਮੇਟੀ ਦੀਆਂ ਮੇਲਾ ਸੰਚਾਲਨ ਕਮੇਟੀਆਂ ਨੇ ਇਹ ਖ਼ਦਸ਼ਾ ਵੀ ਜ਼ਾਹਰ ਕੀਤਾ ਕਿ ਨਿਊਜ਼ ਕਲਿੱਕ ਦੇ ਪੱਤਰਕਾਰ ਕਾਮਿਆਂ ਨੂੰ ਕਿਸਾਨ ਅੰਦੋਲਨ ਅਤੇ ਸ਼ਾਹੀਨ ਬਾਗ਼ ਦੇ ਸੰਘਰਸ਼ ਦੀ ਕਵਰੇਜ਼ ਕਰਨ ਦੀ ਵੀ ਬੇਹਯਾਈ ਨਾਲ ਸਜ਼ਾ ਸੁਣਾਉਣ ਲਈ ਕੇਸ ਮੜ੍ਹਨਾ, ਕਿਸਾਨ ਆਗੂਆਂ ਅਤੇ ਸਮੂਹ ਸੰਘਰਸ਼ਸ਼ੀਲ ਲੋਕਾਂ ਉਪਰ ਕੇਸ ਮੜ੍ਹਨ ਲਈ ਕੇਂਦਰੀ ਹਕੂਮਤ ਵੱਲੋਂ ਲਗਾਈ ਜਾ ਰਹੀ ਪੋੜੀ ਦਾ ਪਹਿਲਾ ਡੰਡਾ ਹੈ। ਕਮੇਟੀ ਨੇ ਫੈਸਲਾ ਕੀਤਾ ਕਿ ਜਦੋਂ ਤੱਕ ਸਮੂਹ ਬੁੱਧੀਜੀਵੀ ਰਿਹਾਅ ਨਹੀਂ ਕੀਤੇ ਜਾਂਦੇ ਉਸ ਵੇਲੇ ਤੱਕ ਦੇਸ਼ ਭਗਤ ਯਾਦਗਾਰ ਹਾਲ ਦੇ ਪ੍ਰਮੁੱਖ ਪ੍ਰਵੇਸ਼ ਦੁਆਰ ਦੀ ਕੰਧ ਉਪਰ ਪੱਤਰਕਾਰਾਂ, ਬੁੱਧੀਜੀਵੀਆਂ ਦੀਆਂ ਤਸਵੀਰਾਂ ਲਗਾ ਕੇ, ਆਵਾਜ਼ ਉਠਾਉਣ ਲਈ ਪੋਸਟਰ ਲੱਗੇ ਰਹਿਣਗੇ। 30, 31 ਅਕਤੂਬਰ, ਪਹਿਲੀ ਨਵੰਬਰ ਸਾਰਾ ਦਿਨ ਸਾਰੀ ਰਾਤ ਲੱਗ ਰਹੇ ਗ਼ਦਰੀ ਬਾਬਿਆਂ ਦੇ 32ਵੇਂ ਮੇਲੇ ਮੌਕੇ ਇਹ ਆਵਾਜ਼ ਹੋਰ ਵੀ ਬੁਲੰਦ ਕੀਤੀ ਜਾਵੇਗੀ। ਮੀਟਿੰਗ 'ਚ ਗ਼ਦਰੀ ਸੰਤ ਬਾਬਾ ਵਿਸਾਖਾ ਸਿੰਘ ਦਦੇਹਰ ਸਾਹਿਬ (ਅੰਮ੍ਰਿਤਸਰ) ਦੇ ਸਮੂਹ ਨਗਰ ਨਿਵਾਸੀਆਂ ਦਾ ਉਚੇਚਾ ਧੰਨਵਾਦ ਕੀਤਾ ਗਿਆ ਜਿਨ੍ਹਾਂ ਇਸ ਵਾਰ ਮੇਲੇ 'ਚ ਲੰਗਰ ਦੀਆਂ ਮੁਕੰਮਲ ਸੇਵਾਵਾਂ ਨਿਭਾਉਣ ਦੀ ਜ਼ਿੰਮੇਵਾਰੀ ਚਾਈਂ-ਚਾਈਂ ਉਠਾਈ ਹੈ।

ਇਸ ਤਰ੍ਹਾਂ ਹੀ ਲੰਗਰ ਵਲੰਟੀਅਰ ਅਤੇ ਕੰਮ-ਸੇਵਾਵਾਂ ਮੁੱਖ ਤੌਰ 'ਤੇ ਆਲ ਇੰਡੀਆ ਸਟੂਡੈਂਟਸ ਫੈਡਰੇਸ਼ਨ (ਏ.ਆਈ.ਐੱਸ.ਐੱਫ.) ਅਤੇ ਸਰਵ ਭਾਰਤ ਨੌਜਵਾਨ ਸਭਾ (ਏ.ਆਈ.ਵਾਈ.ਐੱਫ.) ਵੱਲੋਂ ਨਿਭਾਉਣ ਅਤੇ ਮੇਲੇ ਦੇ ਪ੍ਰਬੰਧਾਂ ਲਈ ਪੰਜਾਬ ਦੀਆਂ ਜੱਥੇਬੰਦੀਆਂ ਵੱਲੋਂ ਸੇਵਾਵਾਂ ਦੇਣ ਲਈ ਅੱਗੇ ਆਉਣ ਦਾ ਵੀ ਕਮੇਟੀ ਵੱਲੋਂ ਧੰਨਵਾਦ ਕੀਤਾ ਗਿਆ। ਮੀਟਿੰਗ 'ਚ ਸਮੂਹ ਪ੍ਰਿੰਟ, ਇਲੈਕਟਰਾਨਿਕ ਮੀਡੀਆ, ਜਨਤਕ ਜਮਹੂਰੀ ਜੱਥੇਬੰਦੀਆਂ ਅਤੇ ਵਿੱਦਿਅਕ ਸੰਸਥਾਵਾਂ ਨੂੰ ਮੇਲੇ 'ਚ ਹਰ ਪੱਖੋਂ ਸ਼ਿਰਕਤ ਕਰਨ ਲਈ ਭੇਜੇ ਸੱਦਾ-ਪੱਤਰਾਂ ਦਾ ਜਾਇਜ਼ਾ ਲਿਆ ਗਿਆ। ਮੀਟਿੰਗ 'ਚ ਸੁਰੱਖਿਆ, ਆਵਾਜਾਈ, ਲੰਗਰ, ਪੰਡਾਲਾਂ 'ਚ ਲੋੜੀਂਦੀਆਂ ਸੇਵਾਵਾਂ ਲਈ ਦੇਸ਼ ਭਗਤ ਯਾਦਗਾਰ ਕਮੇਟੀ ਵੱਲੋਂ ਵਲੰਟੀਅਰਾਂ ਦੀਆਂ ਟੀਮਾਂ ਦੇ ਮੁਖੀਆਂ ਨੇ ਕਾਰਜ਼ ਨੇਪਰੇ ਚਾੜ੍ਹਨ ਦੀ ਵਿਉਂਤਬੰਦੀ ਉਲੀਕੀ। ਮੇਲੇ ਦੀ ਰੂਪ-ਰੇਖਾ ਨੂੰ ਚਾਰ ਚੰਨ ਲਾਉਣ ਲਈ ਭਰਵੀਆਂ ਵਿਚਾਰਾਂ ਉਪਰੰਤ ਸਭਨਾਂ ਨੇ ਤਸੱਲੀ ਪ੍ਰਗਟ ਕੀਤੀ ਕਿ 30 ਅਕਤੂਬਰ ਸ਼ਾਮ 4 ਵਜੇ ਸ਼ਹੀਦ ਕਰਤਾਰ ਸਿੰਘ ਸਰਾਭਾ ਮੰਚ ਘਾਹ ਪਾਰਕ ਵਿੱਚ ਇਹ ਸ਼ਾਮ: ਪੁਸਤਕ ਸਭਿਆਚਾਰ ਦੇ ਨਾਮਕਰਨ ਤੋਂ ਲੈ ਕੇ 2 ਨਵੰਬਰ ਸਵੇਰ ਤੱਕ ਨਿਰੰਤਰ ਵੰਨ-ਸੁਵੰਨੀਆਂ ਵੰਨਗੀਆਂ ਨਾਲ ਭਰਪੂਰ ਮੇਲਾ ਗ਼ਦਰੀ ਬਾਬਿਆਂ ਦੀ ਵਿਰਾਸਤ ਅਤੇ ਅਜੋਕੀਆਂ ਚੁਣੌਤੀਆਂ ਸਰ ਕਰਨ ਲਈ ਆਪਣੀਆਂ ਕਲਾ ਕਿਰਤਾਂ ਰਾਹੀਂ ਚੇਤਨਾ ਵੰਡਣ ਦੀ ਬਣਦੀ ਜ਼ਿੰਮੇਵਾਰੀ ਬਾਖੂਬੀ ਅਦਾ ਕਰੇਗਾ। ਮੀਟਿੰਗ 'ਚ ਦੇਸ਼ ਭਗਤ ਯਾਦਗਾਰ ਕਮੇਟੀ ਦੇ ਪ੍ਰਧਾਨ ਅਜਮੇਰ ਸਿੰਘ, ਜਨਰਲ ਸਕੱਤਰ ਪ੍ਰਿਥੀਪਾਲ ਸਿੰਘ ਮਾੜੀਮੇਘਾ, ਸਹਾਇਕ ਸਕੱਤਰ ਚਰੰਜੀ ਲਾਲ ਕੰਗਣੀਵਾਲ, ਸਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ, ਕਮੇਟੀ ਮੈਂਬਰ ਰਣਜੀਤ ਸਿੰਘ ਔਲਖ, ਸੁਰਿੰਦਰ ਕੁਮਾਰੀ ਕੋਛੜ, ਹਰਵਿੰਦਰ ਭੰਡਾਲ, ਪ੍ਰਗਟ ਸਿੰਘ ਜਾਮਾਰਾਏ, ਵਿਜੈ ਬੰਬੇਲੀ, ਹਰਮੇਸ਼ ਮਾਲੜੀ, ਪ੍ਰੋ. ਤੇਜਿੰਦਰ ਵਿਰਲੀ ਅਤੇ ਕਸ਼ਮੀਰ ਘੁੱਗਸ਼ੋਰ ਹਾਜ਼ਰ ਸਨ।

ਸੈਦੋਵਾਲ ਖੁਰਦ ਵਿਖੇ ਮਿਸ਼ਨ 'ਅਬਾਦ' ਤਹਿਤ ਲਗਾਇਆ ਵਿਸ਼ੇਸ਼ ਕੈਂਪ

ਗੁਰਦਾਸਪੁਰ, (ਜਨਕ ਮਹਾਜਨ)- ਪੰਜਾਬ ਸਰਕਾਰ ਦੀਆਂ ਹਦਾਇਤਾਂ ਤਹਿਤ ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਦੀ ਅਗਵਾਈ ਹੇਠ ਜ਼ਿਲ੍ਹਾ ਪ੍ਰਸ਼ਾਸਨ ਵਲੋਂ ਪਿੰਡ ਸੈਦੋਵਾਲ ਖੁਰਦ ਦੇ ਸਰਕਾਰੀ ਸੀਨੀਅਰ ਸਕੈਂਡਰੀ ਸਕੂਲ (ਲੜਕੀਆਂ) ਵਿਖੇ ਮਿਸ਼ਨ 'ਅਬਾਦ' ਤਹਿਤ ਵਿਸ਼ੇਸ਼ ਜਨ ਸੁਣਵਾਈ ਕੈਂਪ ਲਗਾਇਆ ਗਿਆ। ਇਸ ਕੈਂਪ ਵਿਚ ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ, ਜ਼ਿਲਾ ਯੋਜਨਾ ਕਮੇਟੀ ਗੁਰਦਾਸਪੁਰ ਦੇ ਚੇਅਰਮੈਨ ਜਗਰੂਪ ਸਿੰਘ ਸੇਖਵਾਂ ਨੇ ਵਿਸ਼ੇਸ਼ ਤੌਰ 'ਤੇ ਪਹੁੰਚ ਕੇ ਲੋਕਾਂ ਦੀਆਂ ਮੁਸ਼ਕਲਾਂ ਸੁਣੀਆਂ। ਅੱਜ ਦੇ ਅਬਾਦ ਕੈਂਪ 'ਚ ਪਿੰਡ ਸੈਦੋਵਾਲ ਖੁਰਦ ਤੋਂ ਇਲਾਵਾ ਗੁਨੋਪੁਰ, ਦਾਰਾਪੁਰ, ਭੈਣੀ ਕਾਨੇ, ਭੈਣੀ ਪਸਵਾਲ ਦੇ ਵਸਨੀਕਾਂ ਨੇ ਵੱਡੀ ਗਿਣਤੀ 'ਚ ਭਾਗ ਲਿਆ। ਇਸ ਦੌਰਾਨ ਸਿਹਤ ਵਿਭਾਗ ਵੱਲੋਂ ਮੁਫ਼ਤ ਮੈਡੀਕਲ ਕੈਂਪ ਵੀ ਲਗਾਇਆ ਜਿਸ ਵਿਚ ਮਰੀਜ਼ਾਂ ਦੀ ਮੁੱਢਲੀ ਜਾਂਚ ਕਰਕੇ ਉਨ੍ਹਾਂ ਨੂੰ ਮੁਫ਼ਤ ਦਵਾਈ ਦਿੱਤੀ ਗਈ। ਅਬਾਦ ਕੈਂਪ ਦੌਰਾਨ 350 ਤੋਂ ਵੱਧ ਵਿਅਕਤੀਆਂ ਨੇ ਸਰਕਾਰ ਦੀਆਂ ਭਲਾਈ ਯੋਜਨਾਵਾਂ ਦਾ ਲਾਭ ਲਿਆ।

ਇਸ ਦੌਰਾਨ ਚੇਅਰਮੈਨ ਜਗਰੂਪ ਸਿੰਘ ਸੇਖਵਾਂ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵਲੋਂ 'ਸਰਕਾਰ ਤੁਹਾਡੇ ਦੁਆਰ' ਦਾ ਜੋ ਨਾਅਰਾ ਦਿੱਤਾ ਗਿਆ ਹੈ, ਉਸ ਤਹਿਤ ਹੁਣ ਅਧਿਕਾਰੀ ਲੋਕਾਂ 'ਚ ਖੁਦ ਆ ਕੇ ਲੋਕ ਮਸਲਿਆਂ ਦਾ ਹੱਲ ਕਰ ਰਹੇ ਹਨ। ਉਨਾਂ ਕਿਹਾ ਕਿ ਅਜਿਹੇ ਕੈਂਪਾਂ ਜਰੀਏ ਲੋਕਾਂ ਦੇ ਕੰਮ ਉਨ੍ਹਾਂ ਦੇ ਪਿੰਡਾਂ ਵਿੱਚ ਹੀ ਹੋ ਰਹੇ ਹਨ ਜਿਸ ਨਾਲ ਉਨ੍ਹਾਂ ਦੇ ਸਮੇਂ ਤੇ ਪੈਸੇ ਦੀ ਬਚਤ ਹੋ ਰਹੀ ਹੈ। ਉਨ੍ਹਾਂ ਕਿਹਾ ਕਿ ਕੈਂਪ ਦੌਰਾਨ ਵੀ ਬੇਟ ਇਲਾਕੇ ਦੇ ਲੋਕਾਂ ਨੇ ਲਾਭ ਉਠਾਇਆ ਹੈ। ਇਸ ਮੌਕੇ ਉਨ੍ਹਾਂ ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂ ਚਲਾਈਆਂ ਜਾ ਰਹੀਆਂ ਵੱਖ-ਵੱਖ ਭਲਾਈ ਸਕੀਮਾਂ ਬਾਰੇ ਵੀ ਦੱਸਿਆ।

ਅਕਾਲੀ ਦਲ ਨੂੰ ਵੱਡਾ ਝਟਕਾ, ਕਈ ਯੂਥ ਅਕਾਲੀ ਆਗੂ 'ਆਪ' 'ਚ ਸ਼ਾਮਲ

ਅੰਮ੍ਰਿਤਸਰ (ਨਰਿੰਦਰਜੀਤ ਸਿੰਘ)— ਅੰਮ੍ਰਿਤਸਰ 'ਚ ਅਕਾਲੀ ਦਲ ਨੂੰ ਵੱਡਾ ਝਟਕਾ ਲੱਗਾ ਹੈ। ਸ਼ਨੀਵਾਰ ਨੂੰ ਅੰਮ੍ਰਿਤਸਰ ਦੇ ਕਈ ਯੂਥ ਅਕਾਲੀ ਆਗੂ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋ ਗਏ। ਮੁੱਖ ਮੰਤਰੀ ਭਗਵੰਤ ਮਾਨ ਨੇ ਰਸਮੀ ਤੌਰ 'ਤੇ ਸਾਰੇ ਆਗੂਆਂ ਨੂੰ ਪਾਰਟੀ 'ਚ ਸ਼ਾਮਲ ਕਰਕੇ ਉਨ੍ਹਾਂ ਦਾ ਸਵਾਗਤ ਕੀਤਾ। ਜਲੰਧਰ ਉੱਤਰੀ ਤੋਂ ਦੀਪਕ ਸ਼ਾਰਦਾ, ਓਮ ਪ੍ਰਕਾਸ਼, ਦੇਸਰਾਜ ਜੱਸਲ, ਬਾਲ ਕ੍ਰਿਸ਼ਨ ਬਾਲੀ, ਸੁਨੀਲ ਕੁਮਾਰ ਸੋਢੀ, ਵਿਜੇ ਭਾਟੀਆ ਅਤੇ ਦਲਵਿੰਦਰ ਕੌਰ ਪਾਰਟੀ ਵਿੱਚ ਸ਼ਾਮਲ ਹੋਏ ਜਦਕਿ ਜਲੰਧਰ ਸੈਂਟਰਲ ਤੋਂ ਸ਼ਮਸ਼ੇਰ ਖੇੜਾ, ਮਨੂ ਵੜਿੰਗ ਅਤੇ ਮਨਮੋਹਨ ਸਿੰਘ ਰਾਜੂ ਪਾਰਟੀ ਵਿੱਚ ਸ਼ਾਮਲ ਹੋਏ। ਅੰਮ੍ਰਿਤਸਰ ਯੂਥ ਅਕਾਲੀ ਦਲ ਦੇ ਸੌਰਭ ਸੇਠ, ਨਵਜੋਤ ਗਰੋਵਰ ਅਤੇ ਸਾਗਰ ਮਹਿਰਾ ਆਪਣੇ ਸਾਥੀਆਂ ਸਮੇਤ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋ ਗਏ। ਇਸ ਮੌਕੇ ਆਮ ਆਦਮੀ ਪਾਰਟੀ ਦੇ ਜਲੰਧਰ ਤੋਂ ਸੰਸਦ ਮੈਂਬਰ ਸੁਸ਼ੀਲ ਕੁਮਾਰ ਰਿੰਕੂ, ਕੈਬਨਿਟ ਮੰਤਰੀ ਬਲਕਾਰ ਸਿੰਘ, ਵਿਧਾਇਕ ਰਮਨ ਅਰੋੜਾ, 'ਆਪ' ਪੰਜਾਬ ਦੇ ਜਨਰਲ ਸਕੱਤਰ ਜਗਰੂਪ ਸਿੰਘ ਸੇਖਵਾਂ, 'ਆਪ' ਆਗੂ ਰਾਜਵਿੰਦਰ ਕੌਰ ਥਿਆੜਾ ਅਤੇ ਜਲੰਧਰ ਦਿਹਾਤੀ ਇੰਚਾਰਜ ਸਟੀਵਨ ਕਲੇਰ ਹਾਜ਼ਰ ਸਨ।

ਇਸ ਮੌਕੇ ਮੁੱਖ ਮੰਤਰੀ ਭਗਵੰਤ ਮਾਨ ਨੇ ਕਿਹਾ ਕਿ ਸਾਡੀ ਸਰਕਾਰ ਪੰਜਾਬ ਦੇ ਆਮ ਲੋਕਾਂ ਲਈ ਕੰਮ ਕਰ ਰਹੀ ਹੈ। ਆਮ ਆਦਮੀ ਪਾਰਟੀ ਦੀਆਂ ਨੀਤੀਆਂ ਤੋਂ ਪ੍ਰਭਾਵਿਤ ਹੋ ਕੇ ਪੰਜਾਬ ਸਮੇਤ ਦੇਸ਼ ਭਰ ਤੋਂ ਲੋਕ ਲਗਾਤਾਰ ਪਾਰਟੀ ਨਾਲ ਜੁੜ ਰਹੇ ਹਨ। ਉਨ੍ਹਾਂ ਕਿਹਾ ਕਿ ਵਿਧਾਨ ਸਭਾ ਚੋਣਾਂ ਵਾਂਗ ਆਮ ਆਦਮੀ ਪਾਰਟੀ ਆਉਣ ਵਾਲੀਆਂ ਨਗਰ ਨਿਗਮ ਚੋਣਾਂ ਵਿੱਚ ਵੀ ਇਤਿਹਾਸਕ ਜਿੱਤ ਦਰਜ ਕਰੇਗੀ।

ਡੀ ਬੀ ਈ ਈ ਵੱਲੋਂ ਪਲੇਸਮੈਂਟ ਕੈਂਪ ਭਲਕੇ

ਐਸ ਏ ਐਸ ਨਗਰ (ਗੁਰਜੀਤ ਬਿੱਲਾ)- ਜ਼ਿਲ੍ਹਾ ਰੋਜ਼ਗਾਰ ਅਤੇ ਉੱਦਮ ਬਿਊਰੋ, ਮਾਡਲ ਕੈਰੀਅਰ ਸੈਂਟਰ ਅਤੇ ਪੀ. ਐੱਸ. ਡੀ. ਐੱਮ, ਐੱਸ. ਏ. ਐੱਸ ਨਗਰ ਵੱਲੋਂ ਡਿਟੀਨਸ ਤਕਨਾਲੋਜੀ ਲਈ 16 ਅਕਤੂਬਰ ਨੂੰ ਪਲੇਸਮੈਂਟ ਕੈਂਪ ਦਾ ਆਯੋਜਨ ਕਰ ਰਿਹਾ ਹੈ ਅਤੇ 17 ਅਕਤੂਬਰ ਨੂੰ ਆਈ. ਸੀ. ਆਈ. ਸੀ. ਆਈ. ਬੈਂਕ ਲਈ ਕੈਂਪ ਲਗਾਇਆ ਜਾਵੇਗਾ। ਜਿਸ ਵਿੱਚ ਓਪਰੇਸ਼ਨਸ/ ਸੀ. ਆਰ. ਓ. ਲਈ ਭਰਤੀ ਹੋਵੇਗੀ। ਡਿਟੀਨਸ ਤਕਨਾਲੋਜੀ ਲਈ 18 ਤੋਂ 30 ਸਾਲ ਦੀ ਉਮਰ ਵਰਗ ਦੇ ਉਮੀਦਵਾਰ ਇਸ ਕੈਂਪ ਵਿੱਚ ਸ਼ਾਮਿਲ ਹੋ ਸਕਦੇ ਹਨ। ਇਸ ਕੈਂਪ ਵਿੱਚ ਗ੍ਰੈਜੂਏਸ਼ਨ ਆਦਿ ਵਿੱਦਿਅਕ ਯੋਗਤਾ ਵਾਲੇ ਪ੍ਰਾਰਥੀ ਭਾਗ ਲੈ ਸਕਦੇ ਹਨ। ਡਿਟੀਨਸ ਤਕਨਾਲੋਜੀ ਦੀ ਐੱਚ ਆਰ ਟੀਮ ਦੁਆਰਾ ਸਵੇਰੇ 9.30 ਵਜੇ ਤੋਂ 1.30 ਵਜੇ ਤੱਕ ਸੇਲਜ ਐਸੋਸੀਏਟਸ/ਕੈਸ਼ੀਅਰ ਦੀ ਭਰਤੀ ਲਈ ਉਮੀਦਵਾਰਾਂ ਦੀ ਵਾਕਇੰਨ ਇੰਟਰਵਿਊ ਕੀਤੀ ਜਾਵੇਗੀ। ਗ੍ਰੈਜੂਏਟ (ਫਰੈਸ਼ਰ) ਅਤੇ ਚੰਗੇ ਸੰਚਾਰ (ਗੱਲਬਾਤ) ਹੁਨਰ ਵਾਲੇ ਉਮੀਦਵਾਰ ਇੰਟਰਵਿਊ ਵਿੱਚ ਹਿੱਸਾ ਲੈ ਸਕਦੇ ਹਨ। ਉਮੀਦਵਾਰਾਂ ਲਈ ਤਨਖਾਹ ਦੀ ਦਰ 20,000+ 3000 ਨਾਈਟ ਸ਼ਿਫਟ ਭੱਤਾ ਹੋਵੇਗਾ।

ਨੌਕਰੀ ਦਾ ਸਥਾਨ ਐੱਸ. ਏ. ਐੱਸ.ਨਗਰ (ਮੋਹਾਲੀ) ਹੋਵੇਗਾ। ਡਿਪਟੀ ਡਾਇਰੈਕਟਰ , ਡੀ. ਬੀ. ਈ. ਈ. ਹਰਪ੍ਰੀਤ ਸਿੰਘ ਮਾਨਸ਼ਾਹੀਆ ਨੇ ਦੱਸਿਆ ਕਿ ਡੀ. ਬੀ. ਈ. ਈ. ਵੱਲੋਂ ਉਕਤ ਤੋਂ ਇਲਾਵਾ ਮੰਗਲਵਾਰ ਤੋਂ ਸ਼ੁੱਕਰਵਾਰ ਤੱਕ ਹਰ ਰੋਜ਼ ਪਲੇਸਮੈਂਟ ਕੈਂਪ ਦਾ ਆਯੋਜਨ ਕੀਤਾ ਜਾਵੇਗਾ। ਜਿਸ ਵਿੱਚ ਇੱਕ ਜਾਂ ਇੱਕ ਤੋਂ ਵੱਧ ਕੰਪਨੀਆਂ ਹਿੱਸਾ ਲੈਣਗੀਆਂ। ਉਹਨਾਂ ਜ਼ਿਲ੍ਹਾ ਐੱਸ. ਏ. ਐੱਸ. ਨਗਰ (ਮੋਹਾਲੀ) ਦੇ ਬੇਰੋਜ਼ਗਾਰ ਨੌਜਵਾਨਾਂ ਨੂੰ ਅਪੀਲ ਕੀਤੀ ਕਿ ਉਹ ਆਪਣੇ ਰਿਜ਼ਿਊਮ ਅਤੇ ਸਬੰਧਿਤ ਦਸਤਾਵੇਜ਼ਾਂ ਨਾਲ ਡੀ. ਬੀ. ਈ. ਈ. ਦਫਤਰ ਵਿੱਚ ਪਹੁੰਚ ਕੇ ਇਹਨਾਂ ਕੈਂਪਾਂ ਦਾ ਵੱਧ ਤੋਂ ਵੱਧ ਲਾਭ ਉਠਾਉਣ, ਚਾਹਵਾਨ ਉਮੀਦਵਾਰ ਸੋਮਵਾਰ ਸਵੇਰੇ 9.30 ਵਜੇ ਡੀ. ਬੀ. ਈ. ਈ. ਕਮਰਾ ਨੰਬਰ 461, ਡੀਸੀ ਕੰਪਲੈਕਸ, ਸੈਕਟਰ 76, ਐਸ. ਏ. ਐੱਸ ਨਗਰ ਵਿਖੇ ਪਹੁੰਚਣ। ਨੌਕਰੀ ਦੀ ਭਾਲ ਕਰਦੇ ਉਮੀਦਵਾਰ ਆਪਣਾ ਰਿਜ਼ਿਊਮ ਈ. ਮੇਲ ਰਾਹੀਂ ਦਫਤਰ ਵਿਖੇ ਪਹੁੰਚਾ ਸਕਦੇ ਹਨ।

ਕੈਪਟਨ ਅਮਰਿੰਦਰ ਨੇ ਭਾਜਪਾ ਛੱਡਣ ਵਾਲੇ ਆਗੂਆਂ ਬਾਰੇ ਰਿਪੋਰਟਾਂ ਨੂੰ ਸਿਰੇ ਤੋਂ ਖਾਰਜ ਕੀਤਾ

ਚੰਡੀਗੜ੍ਹ (ਗੁਰਜੀਤ ਬਿੱਲਾ)- ਭਾਰਤੀ ਜਨਤਾ ਪਾਰਟੀ ਦੇ ਸੀਨੀਅਰ ਆਗੂ ਅਤੇ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਮੀਡੀਆ ਦੇ ਇੱਕ ਹਿੱਸੇ ਵਿੱਚ ਆਈਆਂ ਰਿਪੋਰਟਾਂ ਨੂੰ ਸਿਰੇ ਤੋਂ ਖਾਰਜ ਕੀਤਾ ਹੈ ਕਿ ਉਨ੍ਹਾਂ ਨੂੰ ਕੁਝ ਆਗੂਆਂ ਦੇ ਪਾਰਟੀ ਛੱਡ ਕੇ ਕਾਂਗਰਸ ਵਿੱਚ ਸ਼ਾਮਲ ਹੋਣ ਬਾਰੇ ਕੋਈ ਜਾਣਕਾਰੀ ਸੀ। ਉਨ੍ਹਾਂ ਰਿਪੋਰਟਾਂ 'ਤੇ ਪ੍ਰਤੀਕ੍ਰਿਆ ਜਾਹਰ ਕਰਦਿਆਂ ਕਿ ਉਨ੍ਹਾਂ ਦੇ ਸਥਾਨ 'ਤੇ ਪਾਰਟੀ ਛੱਡਣ ਦੀ ਯੋਜਨਾ ਬਣਾਈ ਗਈ ਸੀ, ਕੈਪਟਨ ਅਮਰਿੰਦਰ ਨੇ ਕਿਹਾ ਕਿ ਇਹ ਰਿਪੋਰਟਾਂ ਨਾ ਸਿਰਫ ਬੇਬੁਨਿਆਦ ਹਨ, ਬਲਕਿ ਬਦਨੀਤੀ ਵਾਲੀਆਂ ਹਨ ਅਤੇ ਭੰਬਲਭੂਸਾ ਪੈਦਾ ਕਰਨ ਲਈ ਜਾਣਬੁੱਝ ਕੇ ਫੈਲਾਈਆਂ ਜਾ ਰਹੀਆਂ ਹਨ।

ਉਸਨੇ ਸਪੱਸ਼ਟ ਕੀਤਾ ਕਿ ਭਾਜਪਾ ਵਿੱਚ ਸਾਮਲ ਹੋਣ ਦਾ ਉਨ੍ਹਾਂ ਦਾ ਫੈਸਲਾ ਚੰਗੀ ਤਰ੍ਹਾਂ ਸੋਚਿਆ ਅਤੇ ਅਟੱਲ ਸੀ। ਉਨ੍ਹਾਂ ਕਿਹਾ ਕਿ ਉਹ ਪਾਰਟੀ ਅਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ, ਗ੍ਰਹਿ ਮੰਤਰੀ ਅਮਿਤ ਸ਼ਾਹ ਅਤੇ ਭਾਜਪਾ ਪ੍ਰਧਾਨ ਜੇਪੀ ਨੱਡਾ ਵੱਲੋਂ ਉਨ੍ਹਾਂ ਨੂੰ ਜੋ ਵੀ ਭੂਮਿਕਾ ਅਤੇ ਡਿਊਟੀ ਸੌਂਪੀ ਗਈ ਹੈ, ਉਸ ਲਈ ਉਹ ਵਚਨਬੱਧ ਹਨ। ਉਨ੍ਹਾਂ ਕਿਹਾ ਕਿ ਉਹ ਆਉਣ ਵਾਲੀਆਂ ਵਿਧਾਨ ਸਭਾ ਚੋਣਾਂ ਵਿੱਚ ਪਾਰਟੀ ਲਈ ਚੋਣ ਪ੍ਰਚਾਰ ਕਰਨਗੇ।

ਦੋ ਵਾਰੀ ਪੰਜਾਬ ਦੇ ਮੁੱਖ ਮੰਤਰੀ ਨੇ ਕਿਹਾ, ਪਹਿਲਾਂ ਉਹ ਹਮੇਸ਼ਾ ਕਾਂਗਰਸ ਵਿੱਚ ਰਹੇ ਸਨ ਅਤੇ ਸਿਧਾਂਤ ਦੇ ਮੁੱਦੇ 'ਤੇ ਸਿਰਫ ਇੱਕ ਵਾਰ ਹੀ

15-Oct-PAGE-7.qxd 10/14/2023 10:27 PM Page 1

ਸੰਘਰਸ਼ਾਂ 'ਚੋਂ ਨਿਕਲੀ ਪਾਰਟੀ ਪੰਜਾਬ ਦੇ ਕੱਚੇ ਮੁਲਾਜ਼ਮਾਂ ਦਾ ਸੰਘਰਸ਼ ਦਬਾਉਣ ਲੱਗੀ

ਜਲੰਧਰ (ਸ਼ੈਲੀ ਐਲਬਰਟ) ਖੁਦ ਸ਼ਘੰਰਸ਼ ਦੇ ਰਸਤੇ 'ਚੋਂ ਨਿਕਲ ਕੇ ਸੱਤਾ 'ਚ ਆਉਣ ਵਾਲੀ ਆਮ ਆਦਮੀ ਪਾਰਟੀ ਹੁਣ ਪੰਜਾਬ ਦੇ ਕੱਚੇ ਮੁਲਾਜ਼ਮਾਂ ਦੇ ਸਘੰਰਸ਼ ਨੂੰ ਦਬਾਉਣ ਤੇ ਉਤਰ ਆਈ ਹੈ। ਜ਼ਿਲ੍ਹਾ ਜਲੰਧਰ ਦੇ ਸਰਵ ਸਿੱਖਿਆ ਅਭਿਆਨ ਮਿਡ ਡੇ ਮੀਲ ਦਫਤਰੀ ਕਰਮਚਾਰੀ ਯੂਨੀਅਨ ਦੇ ਆਗੂ ਨੂੰ ਉਸਦੇ ਘਰ ਨਜ਼ਰਬੰਦ ਕਰ ਦਿੱਤਾ ਗਿਆ। ਆਗੂਆਂ ਨੇ ਕਿਹਾ ਕਿ ਆਮ ਆਦਮੀ ਪਾਰਟੀ ਦੇ ਮੁੱਖ ਮੰਤਰੀ ਅਤੇ ਮੰਤਰੀਆ ਵੱਲੋਂ ਇਕ ਪਾਸੇ ਕੱਚੇ ਮੁਲਾਜ਼ਮਾਂ ਨੂੰ ਪੱਕਾ ਕਰਨ ਅਤੇ ਤਨਖਾਹ ਕਟੌਤੀ ਦਾ ਮਸਲਾ ਹੱਲ ਕਰਨ ਦਾ ਵਾਅਦਾ ਕੀਤਾ ਜਾ ਰਿਹਾ ਹੈ ਤੇ ਦੂਜੇ ਪਾਸੇ ਸਰਕਾਰ ਨੂੰ ਐਨਾ ਡਰ ਹੈ ਕਿ ਉਨ੍ਹਾ ਦੇ ਕੌਮੀ ਆਗੂ ਅਰਵਿੰਦ ਕੇਜਰੀਵਾਲ ਅਤੇ ਮੁੱਖ ਮੰਤਰੀ ਭਗਵੰਤ ਮਾਨ ਦੇ ਜਲੰਧਰ ਫੇਰੀ 'ਤੇ ਆਉਣ ਦੌਰਾਨ ਮੁਲਾਜ਼ਮ ਆਗੂਆਂ ਨੂੰ ਘਰਾਂ ਵਿਚ ਨਜ਼ਰਬੰਦ ਕਰ ਦਿੱਤਾ ਗਿਆ। ਸਰਕਾਰ ਦੀ ਇਸ ਧੱਕੇਸ਼ਾਹੀ ਨੀਤੀ ਵਿਰੁੱਧ ਮੁਲਾਜ਼ਮਾਂ ਵੱਲੋਂ ਰੋਸ ਪ੍ਰਦਰਸ਼ਨ ਕਰਦੇ ਹੋਏ ਸਰਕਾਰ ਦਾ ਅਰਥੀ ਫੂਕ ਮੁਜ਼ਾਹਰਾ ਕੀਤਾ ਗਿਆ।

ਆਗੂ ਸ਼ੋਭਿਤ ਭਗਤ, ਗਗਨ ਸਿਆਲ, ਗਗਨਦੀਪ ਸ਼ਰਮਾ, ਮੋਹਿਤ ਸ਼ਰਮਾ, ਮਨਜੀਤ ਸਿੰਘ ਨੇ ਕਿਹਾ ਕਿ ਸਰਕਾਰ ਤੁਰੰਤ ਮੁਲਾਜ਼ਮਾਂ ਦੀ ਤਨਖਾਹ ਕਟੌਤੀ ਖਤਮ ਕਰੇ ਅਤੇ ਕੱਚੇ ਮੁਲਾਜ਼ਮਾਂ ਨੂੰ ਪੂਰੇ ਲਾਭ ਦੇ ਕੇ ਰੈਗੂਲਰ ਦੇ ਆਰਡਰ ਜ਼ਾਰੀ ਕਰੇ। ਆਗੂਆਂ ਨੇ ਚੇਤਾਵਨੀ ਦਿੱਤੀ ਕਿ ਜੇਕਰ ਸਰਕਾਰ ਦਾ ਮੁਲਾਜ਼ਮਾਂ ਪ੍ਰਤੀ ਇਹੀ ਰਵੱਈਆ ਰਿਹਾ ਤਾਂ ਮੁਲਾਜ਼ਮ ਲਹਿਰ ਬਣਾ ਕੇ ਸਰਕਾਰ ਵਿਰੁੱਧ ਵੱਡਾ ਸਘੰਰਸ਼ ਵਿੱਢਣ ਲਈ ਮਜ਼ਬੂਰ ਹੋਣਗੇ ਅਤੇ ਵਿਭਾਗ ਦਾ ਕੰਮ ਵੀ ਠੱਪ ਕਰਨ ਤੋਂ ਪਿੱਛੇ ਨਹੀ ਹਟਣਗੇ।

ਦਸੰਬਰ ਮਹੀਨੇ ਦੌਰਾਨ ਪੰਚਾਇਤੀ ਚੋਣਾਂ ਪੰਜਾਬ ਸਰਕਾਰ ਨੂੰ ਨਾ ਕਰਵਾਉਣ ਦੀ ਅਪੀਲ

ਨੂਰਪੁਰਬੇਦੀ, (ਸੁਰਜੀਤ ਸਿੰਘ ਕਾਹਲੋਂ) -ਇੱਥੇ ਇਲਾਕੇ ਦੇ ਵੱਖ ਵੱਖ ਅਕਾਲੀ ਆਗੂਆਂ ਨੇ ਦਸੰਬਰ ਮਹੀਨੇ 'ਚ ਸ਼ਹੀਦੀ ਪੰਦਰਵਾੜੇ ਦੌਰਾਨ ਪੰਜਾਬ ਸਰਕਾਰ ਨੂੰ ਪੰਚਾਇਤੀ ਚੋਣਾਂ ਨਾ ਕਰਵਾਉਣ ਦੀ ਅਪੀਲ ਕੀਤੀ ਹੈ ਤਾਂ ਜੋ ਛੋਟੇ ਸਾਹਿਬਜਾਦਿਆਂ ਦੇ ਸ਼ਹੀਦੀ ਦਿਹਾੜੇ ਨੂੰ ਸ਼ਰਧਾ ਪੂਰਵਕ ਮਨਾਇਆ ਜਾ ਸਕੇ। ਇਸ ਸੰਬੰਧੀ ਗੱਲਬਾਤ ਕਰਦਿਆਂ ਵੱਖ ਵੱਖ ਅਕਾਲੀ ਆਗੂਆਂ ਬਾਦਲ ਸਿੰਘ ਬਸੀ, ਮਾਸਟਰ ਗੁਰਮੁਖ ਸਿੰਘ ਬੈਂਸ, ਮੋਹਣ ਸਿੰਘ ਡੂਮੇਵਾਲ, ਦਰਬਾਰਾ ਸਿੰਘ ਬਾਲਾ, ਮਲਕੀਤ ਸਿੰਘ ਢਾਹਾਂ, ਹਰਜਿੰਦਰ ਸਿੰਘ ਭਾਉਵਾਲ, ਜਸਵੀਰ ਸਿੰਘ ਰਾਣਾ ਆਦਿ ਨੇ ਕਿਹਾ ਕਿ ਦਸੰਬਰ ਮਹੀਨੇ ਦੌਰਾਨ ਛੋਟੇ ਸਾਹਿਬਜਾਦਿਆਂ ਦੀ ਹੋਈ ਲਾਸਾਨੀ ਸ਼ਹਾਦਤ ਨੂੰ ਕਦੇ ਵੀ ਨਹੀਂ ਭੁਲਾਇਆ ਜਾ ਸਕਦਾ ਜਿਸ ਦੇ ਚਲਦਿਆਂ ਜਿੱਥੇ ਪੰਜਾਬ ਸਰਕਾਰ ਨੇ ਦਸੰਬਰ ਮਹੀਨੇ ਦੌਰਾਨ ਪੂਰੇ ਪੰਜਾਬ 'ਚ ਸਰਕਾਰੀ ਸਮਾਗਮਾਂ ਦੌਰਾਨ ਜਸ਼ਨ ਮਨਾਉਣ ਦੀ ਮਨਾਹੀ ਕਰ ਦਿੱਤੀ ਹੈ ਉੱਥੇ ਪੰਜਾਬ ਸਰਕਾਰ ਨੂੰ ਦਸੰਬਰ ਮਹੀਨੇ ਚ ਪੰਚਾਇਤੀ ਚੋਣਾਂ ਨਾ ਕਰਵਾਉਣ ਦੀ ਵੀ ਅਪੀਲ ਕੀਤੀ ਹੈ।

ਉਨ੍ਹਾਂ ਕਿਹਾ ਕਿ ਅਗਰ ਪੰਚਾਇਤੀ ਚੋਣਾਂ ਦਸੰਬਰ ਮਹੀਨੇ 'ਚ ਕਰਵਾਈਆਂ ਜਾਂਦੀਆਂ ਹਨ ਤਾਂ ਇਸ ਦੌਰਾਨ ਬਹੁਤੇ ਉਮੀਦਵਾਰਾਂ ਵਲੋਂ ਮੀਟ ਸ਼ਰਾਬ ਦੀ ਵਰਤੋਂ ਆਮ ਦੇਖੀ ਜਾ ਸਕੇਗੀ ਤੇ ਜਿੱਤ ਹਾਰ ਉਪਰੰਤ ਵੀ ਮੀਟ ਸ਼ਰਾਬ ਦਾ ਸੇਵਨ ਕੀਤਾ ਜਾਵੇਗਾ ਜੋ ਕਿ ਬਹੁਤ ਹੀ ਮੰਦਭਾਗੀ ਗੱਲ ਹੋਵੇਗੀ। ਉਨ੍ਹਾਂ ਪੰਜਾਬ ਸਰਕਾਰ ਨੂੰ ਅਪੀਲ ਕੀਤੀ ਹੈ ਕਿ ਲੋਕਾਂ ਦੀਆਂ ਭਾਵਨਾਵਾਂ ਨੂੰ ਮੁੱਖ ਰੱਖਦਿਆਂ ਪੰਚਾਇਤੀ ਚੋਣਾਂ ਜਾਂ ਤਾਂ ਨਵੰਬਰ ਮਹੀਨੇ ਵਿੱਚ ਕਰਵਾ ਲਈਆਂ ਜਾਣ ਜਾਂ ਫਿਰ ਜਨਵਰੀ 'ਚ ਕਰਵਾਈਆਂ ਜਾਣ।

ਖ਼ਾਲਸਾ ਕਾਲਜ ਡੂਮੇਲੀ ਵਿਖੇ ਕੈਰੀਅਰ ਐਡਵਾਂਸ ਨਾਲ ਸੰਬੰਧਤ ਸੱਤ ਰੋਜ਼ਾ ਵਰਕਸ਼ਾਪ

ਆਦਮਪੁਰ (ਪਰਮਜੀਤ ਸਿੰਘ)-ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਧੀਨ ਚੱਲ ਰਹੇ ਵਿਦਿਅਕ ਅਦਾਰੇ ਸੰਤ ਬਾਬਾ ਦਲੀਪ ਸਿੰਘ ਮੈਮੋਰੀਅਲ ਖ਼ਾਲਸਾ ਕਾਲਜ ਡੂਮੇਲੀ ਵਿਖੇ ਪ੍ਰਿੰਸੀਪਲ ਡਾ. ਗੁਰਨਾਮ ਸਿੰਘ ਰਸੂਲਪੁਰ ਦੀ ਰਹਿਨੁਮਾਈ ਹੇਠ ਅਤੇ ਵਰਕਸ਼ਾਪ ਦੇ ਮਹਿੰਦਰਾ ਐਂਡ ਮਹਿੰਦਰਾ ਦੇ ਸਹਿਯੋਗ ਨਾਲ ਵਿਦਿਆਰਥੀਆਂ ਨੂੰ ਕੈਰੀਅਰ ਐਡਵਾਂਸਮੈਂਟ ਸੰਬੰਧੀ ਜਾਣਕਾਰੀ ਮੁਹੱਈਆ ਕਰਵਾਉਣ ਲਈ ਵਰਕਸ਼ਾਪ ਕਰਵਾਈ ਗਈ। ਇਸ ਵਰਕਸ਼ਾਪ ਦੀ ਪ੍ਰਤੀਨਿਧਤਾ ਸ਼੍ਰੀਮਤੀ ਅੰਜੂ ਜੈਨ ਐਂਡ ਨੰਦੀ ਫਾਊਂਡੇਸ਼ਨ-ਮਹਿੰਦਰਾ ਪਰਾਈਡ ਕਲਾਸਰੂਮ ਦੁਆਰਾ ਕੀਤੀ ਗਈ। ਇਸ ਵਰਕਸ਼ਾਪ ਵਿਚ ਵਿਦਿਆਰਥੀਆਂ ਨੂੰ ਭਵਿੱਖ ਵਿੱਚ ਆਪਣਾ ਕੈਰੀਅਰ ਬਣਾਉਣ ਸਮੇਂ ਆਉਣ ਵਾਲੀਆਂ ਵੱਖ-ਵੱਖ ਚੁਣੌਤੀਆਂ ਤੋਂ ਜਾਣੂ ਕਰਵਾਇਆ ਗਿਆ। ਇਹ ਵਰਕਸ਼ਾਪ ਪੇਂਡੂ ਖੇਤਰ ਦੇ ਵਿਦਿਆਰਥੀਆਂ ਲਈ ਭਵਿੱਖ ਵਿੱਚ ਆਪਣਾ ਕੈਰੀਅਰ ਚੁਣਨ ਵਿੱਚ ਮਦਦਗਾਰ ਸਿੱਧ ਹੋਵੇਗੀ। ਵਿਦਿਆਰਥੀਆਂ ਨੂੰ ਆਪਣੇ ਪੈਰਾ 'ਤੇ ਖੜ੍ਹੇ ਹੋਣ ਅਤੇ ਆਪਣੀ ਰੋਜ਼ੀ-ਰੋਟੀ ਆਪ ਕਮਾਉਣ ਦੇ ਸਮਰੱਥ ਬਣਾਉਣ ਵਿੱਚ ਲਾਹੇਵੰਦ ਸਾਬਿਤ ਹੋਵੇਗੀ। ਇਸ ਵਰਕਸ਼ਾਪ ਵਿੱਚ ਵਿਦਿਆਰਥੀਆ ਦੀ ਛੁਪੀ ਕਲਾ ਨੂੰ ਨਿਖਾਰਨ ਲਈ ਹੱਲਾ-ਸ਼ੇਰੀ ਦਿੱਤੀ ਗਈ ਅਤੇ ਹੁਨਰ ਭਰਪੂਰ ਵਿਦਿਆਰਥੀਆਂ ਨੂੰ ਸਨਮਾਨਿਤ ਕੀਤਾ ਗਿਆ। ਇਸ ਵਰਕਸ਼ਾਪ ਵਿੱਚ ਹਿੱਸਾ ਲੈਣ ਵਿਦਿਆਰਥੀਆਂ ਨੂੰ ਸਰਟੀਫ਼ਿਕੇਟ ਵੀ ਵੰਡੇ ਗਏ। ਪ੍ਰਿੰਸੀਪਲ ਡਾ. ਗੁਰਨਾਮ ਸਿੰਘ ਰਸੂਲਪੁਰ ਨੇ ਕਿਹਾ ਕਿ ਵਿਦਿਆਰਥੀਆਂ ਨੂੰ ਵਿਦਿਆਰਥੀ ਜੀਵਨ ਵਿੱਚ ਕੁਝ ਨਵਾਂ ਸਿੱਖਣ ਦੀ ਜਿਗਿਆਸਾ ਨੂੰ ਵਧਾਉਣਾ ਚਾਹੀਦਾ ਹੈ ਅਤੇ ਜ਼ਿੰਦਗੀ ਦੀਆਂ ਮੁਸ਼ਕਿਲਾਂ ਨੂੰ ਲਤਾੜਦੇ ਕਰਦੇ ਹੋਏ ਆਪਣੀ ਮੰਜ਼ਿਲ ਵੱਲ ਨਿਰੰਤਰ ਵੱਧਦੇ ਰਹਿਣਾ ਚਾਹੀਦਾ ਹੈ।ਵਰਕਸ਼ਾਪ ਦੇ ਕੋ-ਆਰਡੀਨੇਟਰ ਪ੍ਰੋ. ਸੁਖਦੇਵ ਸਿੰਘ ਨੇ ਵਿਦਿਆਰਥੀਆਂ ਦੇ ਸੁਨਿਹਰੇ ਭਵਿੱਖ ਦੀ ਕਾਮਨਾ ਕੀਤੀ। ਇਸ ਮੌਕੇ ਕਾਲਜ ਦੇ ਸਟਾਫ਼ ਮੈਂਬਰ ਵੀ ਮੌਜੂਦ ਸਨ।

ਹੁਸ਼ਿਆਰਪੁਰ ਪਹੁੰਚਣ 'ਤੇ ਲਾਲੀ ਬਾਜਵਾ ਦੀ ਅਗਵਾਈ 'ਚ ਹਰਮਿਲਨ ਬੈਂਸ ਦਾ ਸਵਾਗਤ

ਹੁਸ਼ਿਆਰਪੁਰ (ਓ ਪੀ ਰਾਣਾ) ਹੁਸ਼ਿਆਰਪੁਰ ਪੁੱਜਣ 'ਤੇ ਹਰਮਿਲਨ ਬੈਂਸ ਦਾ ਅਕਾਲੀ ਦਲ ਵੱਲੋਂ ਜ਼ੋਰਦਾਰ ਸਵਾਗਤ ਕੀਤਾ ਗਿਆ। ਏਸ਼ੀਅਨ ਖੇਡਾਂ 'ਚ 800 ਤੇ 1500 ਮੀਟਰ ਦੌੜ ਮੁਕਾਬਲੇ ਵਿੱਚ ਦੋ ਚਾਂਦੀ ਦੇ ਤਗਮੇ ਜਿੱਤਣ ਵਾਲੀ ਹੁਸ਼ਿਆਰਪੁਰ ਦੇ ਕਸਬਾ ਮਾਹਿਲਪੁਰ ਦੀ ਧੀ ਹਰਮਿਲਨ ਕੌਰ ਬੈਂਸ ਨੇ ਪੂਰੀ ਦੁਨੀਆ 'ਚ ਜਿਲ੍ਹੇ ਦਾ ਨਾਂਅ ਰੌਸ਼ਨ ਕੀਤਾ ਹੈ ਜਿਸ ਲਈ ਸਮੂਹ ਬੈਂਸ ਪਰਵਾਰ ਵਧਾਈ ਦਾ ਪਾਤਰ ਹੈ, ਇਹ ਪ੍ਰਗਟਾਵਾ ਇੱਥੇ ਚੰਡੀਗੜ੍ਹ ਰੋਡ ਉੱਪਰ ਪੈਂਦੇ ਖੇਤੀਬਾੜੀ ਦਫਤਰ ਨਜ਼ਦੀਕ ਹਰਮਿਲਨ ਬੈਂਸ ਦੇ ਸਨਮਾਨ 'ਚ ਰੱਖੇ ਗਏ ਇੱਕ ਸਮਾਰੋਹ ਦੌਰਾਨ ਹਰਮਿਲਨ ਬੈਂਸ ਦਾ ਸਵਾਗਤ ਕਰਦੇ ਹੋਏ ਸ਼੍ਰੋਮਣੀ ਅਕਾਲੀ ਦਲ ਦੇ ਵਿਧਾਨ ਸਭਾ ਹਲਕਾ ਹੁਸ਼ਿਆਰਪੁਰ ਦੇ ਇੰਚਾਰਜ ਜਤਿੰਦਰ ਸਿੰਘ ਲਾਲੀ ਬਾਜਵਾ ਵੱਲੋਂ ਕੀਤਾ ਗਿਆ। ਲਾਲੀ ਬਾਜਵਾ ਨੇ ਹਰਮਿਲਨ ਬੈਂਸ ਤੇ ਉਨ੍ਹਾਂ ਦੇ ਨਾਲ ਪਹੁੰਚੇ ਪਰਿਵਾਰਿਕ ਮੈਂਬਰਾਂ ਨੂੰ ਵਧਾਈ ਦਿੱਤੀ ਤੇ ਕਿਹਾ ਕਿ ਸਾਡੀਆਂ ਸ਼ੁੱਭਕਾਮਨਾਵਾਂ ਤੁਹਾਡੇ ਨਾਲ ਹਨ ਤੇ ਸਾਨੂੰ ਪੂਰਾ ਵਿਸ਼ਵਾਸ਼ ਹੈ ਕਿ ਤੁਸੀਂ ਆਉਣ ਵਾਲੀਆਂ ਉਲੰਪਿਕ ਖੇਡਾਂ 'ਚ ਵੀ ਆਪਣੇ ਸ਼ਾਨਦਾਰ ਪ੍ਰਦਰਸ਼ਨ ਨੂੰ ਜਾਰੀ ਰੱਖੋਗੇ। ਉਨ੍ਹਾਂ ਕਿਹਾ ਕਿ ਸਾਡੀ ਨੌਜਵਾਨ ਪੀੜ੍ਹੀ ਨੂੰ ਹਰਮਿਲਨ ਬੈਂਸ ਵਰਗੇ ਖਿਡਾਰੀਆਂ ਤੋਂ ਸੇਧ ਲੈ ਕੇ ਖੇਡਾਂ 'ਚ ਅੱਗੇ ਵੱਧਣ ਦੀ ਜਰੂਰਤ ਹੈ। ਇਸ ਮੌਕੇ ਹਰਭਜਨ ਸਿੰਘ, ਐਡਵੋਕੇਟ ਸ਼ਮਸ਼ੇਰ ਸਿੰਘ ਭਾਰਦਵਾਜ, ਸਿਮਰਜੀਤ ਗਰੇਵਾਲ, ਜਪਿੰਦਰ ਅਟਵਾਲ, ਦਵਿੰਦਰ ਸਿੰਘ ਬੈਂਸ, ਰਣਧੀਰ ਸਿੰਘ ਭਾਰਜ, ਰਵਿੰਦਰਪਾਲ ਸਿੰਘ ਮਿੰਟੂ, ਗੁਰਪ੍ਰੀਤ ਕੋਹਲੀ, ਪਰਾਸ਼ਰ, ਭੋਲਾ, ਰਵੀ ਆਦਿ ਵੀ ਮੌਜੂਦ ਸਨ।

ਹੋਮਿਓਪੈਥਿਕ ਤੇ ਫਿਜ਼ੀਓਥੈਰਪੀ ਸੰਬੰਧੀ ਜਾਗਰੂਕਤਾ ਕੈਂਪ

ਕਪੂਰਥਲਾ (ਹਨੀ) ਥਿੰਦ ਹੋਮਿਓਪੈਥਿਕ ਅਤੇ ਫਿਜ਼ੀਓਥਰਾਪੀ ਕਲੀਨਿਕ ਕਪੂਰਥਲਾ ਵੱਲੋਂ ਸਰਕਾਰੀ ਸੀਨੀਅਰ ਸੈਕੈਂਡਰੀ ਸਕੂਲ ਲੜਕੀਆਂ ਕਪੂਰਥਲਾ ਵਿਖੇ ਇਕ ਜਾਗਰੂਕਤਾ ਕੈਂਪ ਲਗਾਇਆ ਗਿਆ। ਜਿਸ 'ਚ ਡਾਕਟਰ ਦਪਿੰਦਰਦੀਪ ਸਿੰਘ ਥਿੰਦ ਨੇ ਜਿੱਥੇ ਹੋਮਿਓਪੈਥਿਕ ਨਾਲ ਸੰਬੰਧਿਤ ਵੱਖ-ਵੱਖ ਬਿਮਾਰੀਆਂ ਦੇ ਹੋਮਿਓਪੈਥਿਕ ਦਵਾਈ ਨਾਲ ਇਲਾਜ ਸੰਬੰਧੀ ਵਿਸਥਾਰ ਪੂਰਵਕ ਜਾਣਕਾਰੀ ਦਿੱਤੀ। ਉਥੇ ਹੀ ਉਹਨਾਂ ਨੇ ਕਿਹਾ ਕਿ ਹੋਮਿਓਪੈਥਿਕ ਇਕ ਐਸਾ ਇਲਾਜ ਹੈ, ਜਿਸ ਨਾਲ ਬਿਮਾਰੀ ਨੂੰ ਜੜੋਂ ਖਤਮ ਕੀਤਾ ਜਾ ਸਕਦਾ ਹੈ। ਇਸ ਦੇ ਨਾਲ ਹੀ ਉਹਨਾਂ ਨੇ ਐਲੋਪੈਥੀ ਦੀਆਂ ਦਵਾਈਆਂ ਦੇ ਸਰੀਰ 'ਤੇ ਪੈ ਰਹੇ ਮਾੜੇ ਪ੍ਰਭਾਵਾਂ ਸੰਬੰਧੀ ਵੀ ਜਾਗਰੂਕ ਕੀਤਾ। ਡਾਕਟਰ ਨਵਜੋਤ ਕੌਰ ਥਿੰਦ ਵੱਲੋਂ ਫਿਜੀਉਥਰਾਪੀ ਨਾਲ ਸਰੀਰ ਦੇ ਉਹ ਅੰਗ ਜੋ ਚੱਲਣ ਤੋਂ ਨਕਾਰਾ ਹੋ ਜਾਂਦੇ ਹਨ ਜਾਂ ਅਧਰੰਗ ਕਾਰਣ ਜਿੰਨਾ ਮਰੀਜਾਂ ਦੀ ਇੱਕ ਸਾਈਡ ਜਿਸ 'ਚ ਲੱਤ ਜਾਂ ਬਾਂਹ ਦੇ ਜਿਆਦਾ ਕੰਮ ਨਾ ਕਰਨ 'ਚ ਪ੍ਰੇਸ਼ਾਨੀ ਆਉਂਦੀ ਹੈ। ਉਸ ਨੂੰ ਫਿਜੀਉਥਰਾਪੀ ਤਕਨੀਕ ਨਾਲ ਚਲਾਉਣ ਸੰਬੰਧੀ ਵਿਸ਼ੇਸ਼ ਇਲਾਜ ਬਾਰੇ ਵਿਸਥਾਰਪੂਰਕ ਦੱਸਿਆ । ਇਸ ਵਿਸੇਸ ਜਾਗਰੂਕਤਾ ਕੈਂਪ ਲਗਾਉਣ ਲਈ ਸਕੂਲ ਦੇ ਪ੍ਰਿੰਸੀਪਲ ਨਵਚੇਤਨ ਸਿੰਘ ਨੇ ਡਾਕਟਰ ਦਪਿੰਦਰਦੀਪ ਸਿੰਘ ਥਿੰਦ ਅਤੇ ਡਾਕਟਰ ਨਵਜੋਤ ਕੌਰ ਥਿੰਦ ਦਾ ਧੰਨਵਾਦ ਕਰਦੇ ਹੋਏ, ਉਹਨਾਂ ਨੂੰ ਵਿਸ਼ੇਸ਼ ਤੌਰ 'ਤੇ ਸਨਮਾਨਿਤ ਕੀਤਾ।

ਝੋਨੇ ਦੀ ਆਮਦ 'ਚ ਆਈ ਤੇਜੀ

ਫਿਲੌਰ (ਨਿਰਮਲ)- ਦਾਣਾ ਮੰਡੀ ਫਿਲੌਰ ਅਤੇ ਇਸ ਦੀਆਂ ਸਹਾਇਕ ਮੰਡੀਆਂ ਅੱਪਰਾ, ਲਸਾੜਾ, ਮੁਠੱਡਾ, ਤੇਹਿੰਗ ਵਿੱਚ ਝੋਨੇ ਦੀ ਆਮਦ ਵਿੱਚ ਤੇਜੀ ਆ ਰਹੀ ਹੈ। ਮਾਰਕਿਟ ਕਮੇਟੀ ਫਿਲੌਰ ਤੋਂ ਮਿਲੀ ਜਾਣਕਾਰੀ ਮੁਤਾਬਿਕ 13 ਅਕਤੂਬਰ ਤੱਕ 74344 ਕਵਿੰਟਲ ਝੋਨੇ ਦੀ ਸਰਕਾਰੀ ਖਰੀਦ ਪਨਸਪ, ਮਾਰਕਫੈੱਡ, ਪਨਗਰੇਨ ਅਤੇ ਵੇਅਰਹਾਊਸ ਵੱਲੋਂ ਕੀਤੀ ਗਈ ਹੈ। ਇਸ ਵਾਰ ਝੋਨੇ ਦੀ ਸਰਕਾਰੀ ਰੇਟ 2203 ਰੁਪਏ ਪ੍ਰਤੀ ਕੁਵਿੰਟਲ ਹੈ। ਲਿਫਟਿੰਗ ਨਾਲੋਂ ਨਾਲ ਕੀਤੀ ਜਾ ਰਹੀ 'ਤੇ ਪੈਮੇਂਟ ਵੀ ਨਾਲੋਂ ਨਾਲ ਦਿੱਤੀ ਜਾ ਰਹੀ ਹੈ। ਝੋਨੇ ਦੀ ਪਿਛਲੇ ਸਾਲ 934943 ਕੁਵਿੰਟਲ ਆਮਦ ਹੋਈ ਸੀ। ਇਹ ਜਾਣਕਾਰੀ ਮਾਰਕਿਟ ਕਮੇਟੀ ਦੇ ਸੈਕਟਰੀ ਵੱਲੋਂ ਦਿੱਤੀ ਗਈ ਹੈ।

ਦਰਸ਼ਨ ਸਿੰਘ ਨੂੰ ਸ਼ਰਧਾ ਦੇ ਫੁੱਲ ਭੇਟ

ਨਵਾਂਸ਼ਹਿਰ (ਕੁਲਵਿੰਦਰ ਸਿੰਘ ਦੁਰਗਾਪੁਰੀਆ) ਜਲੰਧਰ ਦੇ ਸੇਵਾਮੁਕਤ ਦਰਸ਼ਨ ਸਿੰਘ ਦੀ 5 ਅਕਤੂਬਰ ਨੂੰ ਮੌਤ ਹੋ ਗਈ ਸੀ। ਉਹ 73 ਸਾਲ ਦੇ ਸਨ। ਉਨ੍ਹਾਂ ਦੇ ਪੁੱਤਰ ਸੁਖਦੇਵ ਸਿੰਘ ਸੋਨੂੰ ਨੇ ਦੱਸਿਆ ਕਿ ਉਨ੍ਹਾਂ ਦੀ ਆਤਮਾ ਦੀ ਸ਼ਾਂਤੀ ਲਈ ਜੈਮਲ ਨਗਰ ਗੁਰਦੁਆਰਾ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜਲੰਧਰ ਵਿਖੇ ਪਾਠ ਦੇ ਭੋਗ ਪਾਏ ਗਏ ਤੇ ਆਤਮਿਕ ਸ਼ਾਂਤੀ ਲਈ ਅੰਤਿਮ ਅਰਦਾਸ ਕੀਤੀ ਗਈ। ਉਪਰੰਤ ਕੀਰਤਨੀ ਜਥੇ ਵੱਲੋਂ ਵੈਰਾਗਮਈ ਕੀਰਤਨ ਨਾਲ ਸੰਗਤ ਨੂੰ ਜਨਮ ਤੇ ਮੌਤ ਸਬੰਧੀ ਦੱਸਦਿਆਂ ਗੁਰਬਾਣੀ ਨਾਲ ਜੋੜਿਆ ਗਿਆ। ਇਸ ਦੌਰਾਨ ਗੁਰਦੁਆਰਾ ਸਾਹਿਬ ਵਿਖੇ ਇਕੱਤਰ ਪਰਵਾਰ, ਰਿਸ਼ਤੇਦਾਰਾਂ ਤੇ ਨਗਰ ਵਾਸੀਆਂ ਵੱਲੋਂ ਵਿਛੜੀ ਰੂਹ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ ਗਏ। ਇਸ ਮੌਕੇ 'ਤੇ ਸੁਖਦੇਵ ਸਿੰਘ , ਰਾਜ, ਸਾਬੀ, ਜੌਨੀ, ਬਿੱਲਾ ਅਦਿ ਹਾਜਰ ਸਨ ।

ਜਲ ਸਰੋਤ ਵਿਭਾਗ ਵੱਲੋਂ ਪਰਮਜੀਤ ਸਿੰਘ ਦੀ ਮੌਤ 'ਤੇ ਦੁੱਖ ਦਾ ਪ੍ਰਗਟਾਵਾ

ਚੰਡੀਗੜ੍ਹ (ਗੁਰਜੀਤ ਬਿੱਲਾ) ਪੰਜਾਬ ਜਲ ਸਰੋਤ ਪ੍ਰਬੰਧਨ ਅਤੇ ਵਿਕਾਸ ਨਿਗਮ ਅਦਾਰੇ ਅੰਦਰ ਕੰਮ ਕਰਦੀ ਉਪਰੇਸ਼ਨਲ ਸਟਾਫ਼ ਦੇ ਮੁਲਾਜ਼ਮਾਂ ਦੀ ਜੱਥੇਬੰਦੀ ਪੰਜਾਬ ਜਲ ਸਰੋਤ ਮੁਲਾਜ਼ਮ ਯੂਨੀਅਨ ਦੇ ਸੂਬਾਈ ਵਿੱਤ ਸਕੱਤਰ ਪਰਮਜੀਤ ਸਿੰਘ, ਜਿਹਨਾਂ ਦੀ 11 ਅਕਤੂਬਰ ਨੂੰ ਅਚਾਨਕ ਮੌਤ ਹੋ ਗਈ ਸੀ, ਉਹਨਾਂ ਦਾ ਅੰਤਿਮ ਸੰਸਕਾਰ ਤੇ ਉਹਨਾਂ ਦੇ ਜੱਦੀ ਪਿੰਡ ਝਿੰਗੜ ਕਲਾਂ ਵਿਖੇ ਜੱਥੇਬੰਦੀ ਅਤੇ ਵਿਭਾਗ ਦੇ ਸੈਕੜੇ ਸਾਥਿਆਂ, ਪਰਵਾਰਿਕ ਮੈਂਬਰਾਂ ਅਤੇ ਰਿਸ਼ਤੇਦਾਰਾਂ ਵਲੋਂ ਉਹਨਾਂ ਨੂੰ ਸੇਜਲ ਅੱਖਾਂ ਨਾਲ ਅੰਤਿਮ ਵਿਦਾਇਗੀ ਦਿੱਤੀ ਗਈ। ਉਹਨਾਂ ਦੇ ਘਰ ਦੁੱਖ ਦਾ ਪ੍ਰਗਟਾਵਾ ਕਰਦਿਆਂ ਜਥੇਬੰਦੀਆਂ ਦੇ ਆਗੂਆਂ ਵਲੋਂ ਉਹਨਾਂ ਨੂੰ ਇੱਕ ਨਿਸ਼ਠਾਵਾਨ ਕਰਮਯੋਗੀ ਦੱਸਦਿਆਂ ਉਨ੍ਹਾਂ ਦੀ ਮੌਤ ਨੂੰ ਕਦੇ ਨਾ ਪੂਰਾ ਹੋਣ ਵਾਲਾ ਘਾਟਾ ਸਹਿਣ ਯੋਗ ਨਹੀਂ ਹੈ। ਉਹਨਾਂ ਦੀ ਅੰਤਿਮ ਅਰਦਾਸ 15 ਅਕਤੂਬਰ ਦਿਨ ਐਤਵਾਰ ਨੂੰ ਲਾਗਲੇ ਪਿੰਡ ਪਡਿਆਲਾ ਦੇ ਗੁਰੂਦਵਾਰੇ ਵਿੱਚ 12-00 ਵਜੇ ਹੋਵੇਗੀ। ਉਹਨਾਂ ਦੇ ਪਰਵਾਰ ਨਾਲ ਹਮਦਰਦੀ ਪ੍ਰਗਟ ਕਰਨ ਵਾਲਿਆਂ ਵਿੱਚ ਜੱਥੇਬੰਦੀ ਦੇ ਸੂਬਾ ਪ੍ਰਧਾਨ ਗੁਰਪ੍ਰੀਤ ਸਿੰਘ ਮਕੀਮਪੁਰ, ਜਨਰਲ ਸਕੱਤਰ ਰਾਜਨ ਸ਼ਰਮਾ, ਸਾਬਕਾ ਆਗੂ ਰਾਮਜੀ ਦਾਸ ਚੌਹਾਨ, ਦਿਲਬਾਗ਼ ਸਿੰ

15-Oct-PAGE-8.qxd 10/14/2023 10:26 PM Page 1

'ਸਿੱਖਿਆ ਵਿਭਾਗ ਦਫਤਰੀ ਮੁਲਾਜ਼ਮਾਂ ਨਾਲ ਵਿਤਕਰਾ ਹੀ ਕਰਦਾ ਰਿਹੈ'

ਜਲੰਧਰ (ਰਾਜੇਸ਼ ਥਾਪਾ) ਸੂਬੇ, ਸਰਕਾਰ ਅਤੇ ਵਿਭਾਗ ਨੂੰ ਚਲਾਉਣ ਲਈ ਦਫਤਰੀ ਮੁਲਾਜ਼ਮ ਸਰਕਾਰਾਂ ਦੀ ਰੀੜ੍ਹ ਦੀ ਹੱਡੀ ਮੰਨੇ ਜਾਂਦੇ ਹਨ ਪ੍ਰੰਤੂ ਪੰਜਾਬ ਦਾ ਸਿੱਖਿਆ ਵਿਭਾਗ ਕਿਸੇ ਵੀ ਪਾਰਟੀ ਦੀ ਸਰਕਾਰ ਆਈ ਹੋਵੇ ਦਫਤਰੀ ਮੁਲਾਜ਼ਮਾਂ ਨਾਲ ਵਿਤਕਰਾ ਹੀ ਕਰਦਾ ਰਿਹਾ ਹੈ। ਸਿੱਖਿਆ ਵਿਭਾਗ ਵੱਲੋਂ ਹਰ ਵਾਰ ਦਫਤਰੀ ਮੁਲਾਜ਼ਮਾਂ ਨੂੰ ਬਣਦੇ ਹੱਕ ਦੇਣ ਦੀ ਬਜਾਏ ਹਰ ਵਾਰ ਵਿਸਾਰਿਆ ਜਾ ਰਿਹਾ ਹੈ। ਮੁੱਖ ਮੰਤਰੀ ਪੰਜਾਬ ਭਗਵੰਤ ਮਾਨ ਵੱਲੋਂ ਸਿੱਖਿਆ ਵਿਭਾਗ ਦੇ ਕੱਚੇ ਮੁਲਾਜ਼ਮਾਂ ਨੂੰ ਪੱਕਾ ਕਰਨ ਦੇ ਫੈਸਲਾ ਲੈਣ ਦੇ ਬਾਵਜੂਦ ਵੀ 17 ਮਹੀਨਿਆਂ ਦੌਰਾਨ ਸਿੱਖਿਆ ਵਿਭਾਗ ਵੱਲੋਂ ਮੁਲਾਜ਼ਮਾਂ ਨੂੰ ਪੱਕਾ ਕਰਨ ਦੇ ਕੰਮ ਨੂੰ ਅਮਲੀ ਜਾਮਾ ਨਹੀ ਪਹਿਨਾਇਆ ਗਿਆ। ਮੌਜੂਦਾ ਆਮ ਆਦਮੀ ਪਾਰਟੀ ਦੀ ਸਰਕਾਰ ਦੋਰਾਨ ਦੋਵੇ ਸਿੱਖਿਆ ਮੰਤਰੀ ਪਹਿਲਾਂ ਮੀਤ ਹੇਅਰ ਅਤੇ ਹੁਣ ਹਰਜੋਤ ਸਿੰਘ ਬੈਂਸ ਵਿਭਾਗੀ ਅਧਿਕਾਰੀਆਂ ਨੂੰ ਦਫਤਰੀ ਮੁਲਾਜ਼ਮਾਂ ਦੀ ਤਨਖਾਹ ਕਟੌਤੀ ਨੂੰ ਦੂਰ ਕਰਨ ਲਈ ਮੀਟਿੰਗਾਂ ਵਿਚ ਆਦੇਸ਼ ਦੇ ਚੁੱਕੇ ਹਨ ਪਰੰਤੂ 17 ਮਹੀਨਿਆਂ ਤੋਂ ਸਿੱਖਿਆ ਮੰਤਰੀ ਦੇ ਹੁਕਮਾਂ ਦੇ ਬਾਵਜੂਦ ਕਰਮਚਾਰੀਆਂ ਦੀ ਤਨਖਾਹ ਕਟੌਤੀ ਦੂਰ ਨਹੀਂ ਕੀਤੀ ਜਾ ਰਹੀ ਹੈ। ਪ੍ਰੈਸ ਨੂੰ ਜਾਣਕਾਰੀ ਦਿੰਦੇ ਹੋਏ ਸਰਵ ਸਿੱਖਿਆ ਅਭਿਆਨ ਦਫਤਰੀ ਕਰਮਚਾਰੀ ਯੂਨੀਅਨ ਦੇ ਆਗੂ ਸ਼ੋਭਿਤ ਭਗਤ,ਗਗਨਦੀਪ ਸ਼ਰਮਾ, ਸੁਖਰਾਜ, ਗਗਨਦੀਪ ਸ਼ਰਮਾ, ਗਗਨ ਸਿਆਲ ਨੇ ਕਿਹਾ ਕਿ ਦਫਤਰੀ ਮੁਲਾਜ਼ਮਾਂ ਦੀ ਤਕਰੀਬਨ 5000 ਰੁਪਏ ਮਹੀਨਾ ਤਨਖਾਹ ਕਟੌਤੀ ਕੀਤੀ ਜਾ ਰਹੀ ਹੈ ਜੋ ਕਿ ਬਾਰ ਬਾਰ ਮੰਤਰੀਆ ਵੱਲੋਂ ਵਾਅਦੇ ਕਰਨ ਦੇ ਬਾਵਜੂਦ ਪੂਰੀ ਨਹੀਂ ਹੋਈ। ਇਸ ਦੇ ਨਾਲ ਹੀ ਮਿਡ ਡੇ ਮੀਲ ਦਫਤਰੀ ਕਰਮਚਾਰੀਆਂ ਦੀ ਸਾਲ 2019 ਤੋਂ ਤਨਖਾਹ ਵਿਚ ਕੀਤਾ ਜਾਣ ਵਾਲਾ ਵਾਧਾ ਰੋਕਿਆ ਹੋਇਆ ਹੈ।

ਆਗੂਆਂ ਨੇ ਕਿਹਾ ਕਿ ਤਨਖਾਹ ਕਟੌਤੀ ਦੂਰ ਨਾ ਹੋਣ, ਸਤੰਬਰ ਮਹੀਨੇ ਦੀਆਂ ਤਨਖਾਹਾਂ ਰੁਕਣ ਅਤੇ ਰੈਗੂਲਰ ਨਾ ਕਰਨ ਕਰਕੇ ਸਮੁੱਚੇ ਦਫਤਰੀ ਮੁਲਾਜ਼ਮਾਂ ਵਿਚ ਰੋਸ ਹੈ। ਦਫਤਰੀ ਮੁਲਜ਼ਮ ਆਪਣਾ ਰੋਸ ਜ਼ਾਹਿਰ ਕਰਨ ਲਈ 16 ਅਕਤੂਬਰ ਨੂੰ ਜ਼ਿਲ੍ਹਾ ਦਫਤਰ ਵਿਖੇ ਇਕੱਤਰ ਹੋ ਕੇ ਰੋਸ ਪ੍ਰਦਰਸ਼ਨ ਕਰਨਗੇ ਅਤੇ 17 ਤੋਂ 18 ਅਕਤੂਬਰ ਤੱਕ ਸੂਬੇ ਭਰ ਵਿਚ ਕਾਲੇ ਬਿੱਲੇ ਲਾ ਕੇ ਕੰਮ ਕਰਨਗੇ। ਇਸ ਉਪਰੰਤ 19 ਅਕਤੂਬਰ ਨੂੰ ਸਿੱਖਿਆ ਮੰਤਰੀ ਦੇ ਹਲਕੇ ਸ਼੍ਰੀ ਆਨੰਦਪੁਰ ਸਾਹਿਬ ਵਿਖੇ ਸੂਬਾ ਪੱਧਰੀ ਇਕੱਠ ਕਰਕੇ ਰੋਸ ਪ੍ਰਦਰਸ਼ਨ ਕੀਤਾ ਜਾਵੇਗਾ।

ਅੱਖਾਂ ਦਾ ਮੁਫਤ ਕੈਂਪ ਅੱਜ

ਕਾਲਾ ਸੰਘਿਆਂ (ਮਨਜੀਤ ਮਾਨ) - ਸਥਾਨਕ ਕਸਬੇ 'ਚ ਸਥਿਤ ਪ੍ਰਸਿੱਧ ਗੁਰਦੁਆਰਾ ਸੰਤ ਬਾਬਾ ਕਾਹਨ ਦਾਸ ਵਿਖੇ ਅੱਖਾਂ ਦਾ ਮੁਫਤ ਅਪ੍ਰੇਸ਼ਨ ਕੈਂਪ 15 ਅਕਤੂਬਰ ਨੂੰ ਲਗਾਇਆ ਜਾ ਰਿਹਾ ਹੈ। ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਪਰਮਜੀਤ ਸਿੰਘ ਬੱਸਣ ਨੇ ਦੱਸਿਆ ਕਿ ਇਸ ਮੌਕੇ 'ਤੇ ਦ੍ਰਿਸ਼ਟੀ ਆਈ ਕੇਅਰ ਐਂਡ ਰਟੀਨਾ ਸੈਂਟਰ ਦੀ ਡਾਕਟਰਾਂ ਦੀ ਟੀਮ ਵੱਲੋਂ ਸਵੇਰੇ 10 ਵਜੇ ਤੋਂ 2 ਵਜੇ ਤੱਕ ਮਰੀਜਾਂ ਦੀਆਂ ਅੱਖਾਂ ਦਾ ਮੁਫਤ ਚੈਕ ਅੱਪ ਕੀਤਾ ਜਾਵੇਗਾ ਅਤੇ ਉਪਰੰਤ ਲੋੜਵੰਦ ਮਰੀਜਾਂ ਦੀਆਂ ਅੱਖਾਂ ਵਿੱਚ ਲੈਂਜ ਮੁਫਤ ਪਾਏ ਜਾਣਗੇ ਤੇ ਦਵਾਈਆਂ ਵੀ ਮੁਫਤ ਦਿੱਤੀਆਂ ਜਾਣਗੀਆਂ ।

ਦਿਨ-ਦਿਹਾੜੇ ਸੰਗ ਫੇਸੀਆਂ ਵਿਖੇ ਚੋਰੀ

ਗੁਰਾਇਆ (ਬਿੰਦਰ ਸੁੰਮਨ)-ਨੇੜਲੇ ਪਿੰਡ ਸੰਗ ਫੇਸੀਆ ਵਿਖੇ ਚੋਰੀ ਹੋਣ ਦਾ ਸਮਾਚਾਰ ਮਿਲਿਆ ਹੈ। ਭੁਪਿੰਦਰ ਕੌਰ ਪਤਨੀ ਗਿਰਧਾਰੀ ਲਾਲ ਨੇ ਦੱਸਿਆ ਕਿ ਉਹ ਪਰਵਾਰ ਸਮੇਤ ਪਿੰਡ ਵਿੱਚ ਵਿਆਹ ਦੇ ਸਮਾਗਮ ਸੀ। ਜਦੋਂ ਵਾਪਸ ਘਰ ਆਏ ਤਾਂ ਦੇਖਿਆ ਕਿ ਝਾਲੀ ਤੋੜ ਕੇ ਚੋਰ ਘਰ ਵਿੱਚ ਸ਼ਾਮਲ ਹੋ ਕੇ ਘਰ ਅੰਦਰੋਂ 10 ਹਜ਼ਾਰ ਰੁਪਏ ਨਗਦੀ ਅਤੇ ਸੋਨੇ ਦੀਆਂ ਵਾਲੀਆਂ ਲੈ ਕੇ ਫਰਾਰ ਹੋ ਗਏ। ਇਸ ਸਬੰਧੀ ਪੁਲਸ ਨੂੰ ਸੂਚਿਤ ਕਰ ਦਿੱਤਾ।

ਐੱਲ ਪੀ ਯੂ ਵੱਲੋਂ ਭਾਰਤ ਦੀਆਂ 68 ਸੰਸਥਾਵਾਂ ਦੇ ਵਿਦਿਆਰਥੀਆਂ ਨਾਲ ਨੈਸ਼ਨਲ ਯੂਥ ਪਾਰਲੀਮੈਂਟ

ਜਲੰਧਰ (ਸ਼ੈਲੀ ਐਲਬਰਟ)- ਲਵਲੀ ਪ੍ਰੋਫੈਸ਼ਨਲ ਯੂਨੀਵਰਸਿਟੀ (ਐੱਲ. ਪੀ. ਯੂ.) ਦੀ ਸਾਹਿਤਕ ਸੋਸਾਇਟੀ ਨੇ ਸ਼ਾਂਤੀ ਦੇਵੀ ਮਿੱਤਲ ਆਡੀਟੋਰੀਅਮ ਵਿਖੇ ਨੈਸ਼ਨਲ ਯੂਥ ਪਾਰਲੀਮੈਂਟ -2023 ਦੇ ਆਪਣੇ ਪਹਿਲੇ ਐਡੀਸ਼ਨ ਦਾ ਆਯੋਜਨ ਕੀਤਾ, ਜਿਸ ਨੂੰ ਸੰਸਦ ਭਵਨ ਦਾ ਰੂਪ ਦਿੱਤਾ ਗਿਆ । ਕਾਰਵਾਈ ਦੌਰਾਨ, ਵਿਦਿਆਰਥੀ ਭਾਗੀਦਾਰਾਂ ਨੇ ਸੰਸਦ ਦੇ ਮੈਂਬਰਾਂ ਦੀਆਂ ਭੂਮਿਕਾਵਾਂ ਨੂੰ ਗ੍ਰਹਿਣ ਕੀਤਾ, ਅਤੇ ਦਿੱਤੇ ਗਏ ਸਮਾਜਿਕ, ਕਾਨੂੰਨੀ, ਭੂ-ਰਾਜਨੀਤਿਕ ਜਾਂ ਆਰਥਿਕ ਮੁੱਦੇ ਤੇ ਵਿਆਪਕ ਵਿਚਾਰ ਵਟਾਂਦਰੇ ਵਿੱਚ ਰੁੱਝ ਗਏ। ਹਾਲਾਂਕਿ, ਇਸ ਸੰਸਥਾ ਵਿੱਚ ਲਿਆ ਗਿਆ ਏਜੰਡਾ ਯੂਨੀਫਾਰਮ ਸਿਵਲ ਕੋਡ (ਯੂਸੀਸੀ) ਸੀ - ਮੌਜੂਦਾ ਦੌਰ ਦਾ ਇੱਕ ਭਖਦਾ ਵਿਸ਼ਾ- ਜਿਸ ਤੇ ਵਿਦਿਆਰਥੀਆਂ ਨੂੰ ਲੋਕ ਸਭਾ ਵਿੱਚ ਵਿਚਾਰਿਆ ਜਾਣਾ ਸੀ। ।ਪੋਰਟਫੋਲੀਓ ਦੀ ਵੰਡ ਯੂਥ ਪਾਰਲੀਮੈਂਟਾਂ ਵਿੱਚ ਭਾਗੀਦਾਰ ਦੇ ਪੁਰਾਣੇ ਤਜ਼ਰਬਿਆਂ 'ਤੇ ਆਧਾਰਿਤ ਸੀ। ਵਿਦਿਆਰਥੀਆਂ ਨੇ ਪ੍ਰਧਾਨ ਮੰਤਰੀ ਮੋਦੀ, ਅਮਿਤ ਸ਼ਾਹ, ਰਾਜ ਨਾਥ ਸਿੰਘ, ਸ਼੍ਰੀਮਤੀ ਹੇਮਾ ਮਾਲਿਨੀ, ਸ਼੍ਰੀਮਤੀ ਸੋਨੀਆ ਗਾਂਧੀ, ਸ਼੍ਰੀ ਰਾਹੁਲ ਗਾਂਧੀ ਅਤੇ ਕਈ ਹੋਰਾਂ ਵਰਗੇ ਪ੍ਰਸਿੱਧ ਸੰਸਦ ਮੈਂਬਰਾਂ ਦੀ ਨੁਮਾਇੰਦਗੀ ਕੀਤੀ।ਇਸਦਾ ਆਯੋਜਨ ਭਾਰਤ ਸਰਕਾਰ ਦੇ ਸੰਸਦੀ ਮਾਮਲਿਆਂ ਦੇ ਮੰਤਰਾਲੇ ਦੀ ਰਾਸ਼ਟਰੀ ਯੁਵਾ ਸੰਸਦ ਯੋਜਨਾ ਦੇ ਤਹਿਤ ਕੀਤਾ ਗਿਆ ਸੀ। ਇਹ ਭਾਰਤੀ ਸੰਸਦੀ ਪ੍ਰਣਾਲੀ ਤੇ ਅਧਾਰਤ ਵਿਧਾਨਕ ਅਤੇ ਕਾਰਜਕਾਰੀ ਕਾਰਵਾਈਆਂ ਨੂੰ ਮੁੜ ਬਣਾਉਣਾ ਸੀ। ਇਸ ਦਾ ਮੁੱਖ ਉਦੇਸ਼ ਭਾਰਤ ਦੀ ਨੌਜਵਾਨ ਆਬਾਦੀ ਵਿੱਚ ਜਮਹੂਰੀਅਤ ਦੀਆਂ ਜੜ੍ਹਾਂ ਨੂੰ ਮਜ਼ਬੂਤ ਕਰਨਾ ਸੀ । ਇਸ ਸਕੀਮ ਦੇ ਲਾਗੂ ਹੋਣ ਨਾਲ ਵਿਦਿਆਰਥੀਆਂ ਵਿੱਚ ਅਨੁਸ਼ਾਸਨ ਦੀ ਆਦਤਾਂ ਪੈਦਾ ਹੋਣ ਦੀ ਵੀ ਉਮੀਦ ਕੀਤੀ ਗਈ। ਭਾਰਤ ਦੇ ਸੱਤਾਧਾਰੀ ਅਤੇ ਵਿਰੋਧੀ ਪਾਰਟੀਆਂ ਦੇ ਪ੍ਰਮੁੱਖ ਨੇਤਾਵਾਂ ਦੇ ਵਿਭਾਗਾਂ ਵਾਲੇ ਸੰਸਦ ਬਣੇ ਨੌਜਵਾਨ ਵਿਦਿਆਰਥੀਆਂ ਨੂੰ ਸੰਬੋਧਨ ਕਰਦੇ ਹੋਏ; ਮੈਂਬਰ ਪਾਰਲੀਮੈਂਟ (ਰਾਜ ਸਭਾ) ਅਤੇ ਐਲਪੀਯੂ ਦੇ ਸੰਸਥਾਪਕ ਚਾਂਸਲਰ ਡਾ. ਅਸ਼ੋਕ ਕੁਮਾਰ ਮਿੱਤਲ ਨੇ ਦੇਸ਼ ਦੇ ਸੱਚੇ ਸੰਸਦ ਮੈਂਬਰਾਂ ਦੇ ਰੂਪ ਵਿੱਚ ਆਪਣੀ ਲੋਕਤੰਤਰੀ ਭਾਵਨਾ ਦਾ ਪ੍ਰਗਟਾਵਾ ਕਰਨ ਦੇ ਵਰਤੇ ਗਏ ਤਰੀਕੇ ਲਈ ਵਧਾਈ ਦਿੱਤੀ। ਡਾ: ਮਿੱਤਲ ਨੇ ਉਨ੍ਹਾਂ ਸਾਰਿਆਂ ਨੂੰ ਸਭਾ ਵਿਖੇ ਰੱਖੇ ਗਏ ਆਪਣੇ ਵਿਚਾਰਾਂ ਦਾ ਇੱਕ ਖਰੜਾ ਤਿਆਰ ਕਰਨ ਲਈ ਵੀ ਸੱਦਾ ਦਿੱਤਾ, ਜਿਸ ਨੂੰ ਉਹ ਖੁਦ ਸੰਭਾਵੀ ਲਾਗੂ ਕਰਨ ਲਈ ਸੰਸਦ ਵਿੱਚ ਭੇਜਣਗੇ। ਡਾ: ਮਿੱਤਲ ਨੇ ਇਹ ਵੀ ਕਾਮਨਾ ਕੀਤੀ ਕਿ ਭਾਰਤੀ ਨੌਜਵਾਨਾਂ ਨੂੰ ਰਾਸ਼ਟਰ ਪ੍ਰਤੀ ਆਪਣੇ ਫਰਜ਼ਾਂ ਦਾ ਅਹਿਸਾਸ ਕਰਨਾ ਚਾਹੀਦਾ ਹੈ ਅਤੇ ਭਾਰਤ ਨੂੰ ਵਿਸ਼ਵ ਦਾ ਚੋਟੀ ਦਾ ਦੇਸ਼ ਬਣਾਉਣ ਲਈ ਸਾਂਝੇ ਤੌਰ ਤੇ ਕੰਮ ਕਰਨਾ ਚਾਹੀਦਾ ਹੈ।। ਇਸ ਲਈ ਵਿਸ਼ੇਸ਼ ਪੁਰਸਕਾਰ ਵੀ ਸਨ। ਐਮਪੀ ਅਜੈ ਮੰਡਲ ਦੇ ਪੋਰਟਫੋਲੀਓ ਵਾਲੇ ਐਲਪੀਯੂ ਦੇ ਵਿਦਿਆਰਥੀ ਅਨੁਰਾਗ ਸ਼ੁਕਲਾ ਨੂੰ 10,000 ਰੁਪਏ ਦੇ ਨਕਦ ਇਨਾਮ ਨਾਲ ਸਰਵੋਤਮ ਸਪੀਕਰ ਐਲਾਨਿਆ ਗਿਆ; ਦਿੱਲੀ ਸਕੂਲ ਆਫ਼ ਜਰਨਲਿਜ਼ਮ ਦੇ ਸੁਜਲ ਸ਼ਰਮਾ ਨੇ ਐਮਪੀ ਅਰਜੁਨ ਮੇਘਵਾਲ ਦੀ ਨੁਮਾਇੰਦਗੀ ਕੀਤੀ ਅਤੇ 10,000/- ਰੁਪਏ ਦੇ ਇਨਾਮ ਨਾਲ ਸਰਵੋਤਮ ਸੰਸਦ ਮੈਂਬਰ ਬਣੇ; ਉੱਚ ਸ਼ਲਾਘਾ ਪੁਰਸਕਾਰ ਪੋਸਟ ਗ੍ਰੇਜ਼ੂਏਟ ਗਰਲਸ ਕਾਲਜ ਚੰਡੀਗੜ੍ਹ ਦੀ ਪਲਕੀ ਨੂੰ ਦਿੱਤਾ ਗਿਆ, ਜਿਸ ਨੇ ਸੰਸਦ ਮੈਂਬਰ ਹੇਮਾ ਮਾਲਿਨੀ ਦੀ ਨੁਮਾਇੰਦਗੀ ਕੀਤੀ; ਐਲਪੀਯੂ ਦੇ ਰਾਜ ਰੋਸ਼ਨ ਰਾਏ ਨੇ ਐਮਪੀ ਅਸਦੁਦੀਨ ਓਵੈਸੀ ਦੀ ਨੁਮਾਇੰਦਗੀ ਕੀਤੀ ਅਤੇ ਪ੍ਰਸ਼ਨ ਕਾਲ ਲਈ ਵਿਸ਼ੇਸ਼ ਜ਼ਿਕਰ ਜਿੱਤਿਆ; ਅਤੇ, ਜ਼ੀਰੋ ਆਵਰ ਲਈ ਵਿਸ਼ੇਸ਼ ਜ਼ਿਕਰ ਗਾਰਗੀ ਕਾਲਜ, ਦਿੱਲੀ ਦੀ ਜੰਨਤ ਨੂੰ ਮਿਲਿਆ , ਜਿਸ ਨੇ ਸੰਸਦ ਮੈਂਬਰ ਸੁਨੀਤਾ ਦੁੱਗਲ ਦੀ ਨੁਮਾਇੰਦਗੀ ਕੀਤੀ ।ਅਖ਼ੀਰਲੇ ਤਿੰਨਾਂ ਨੂੰ ਪੰਜ-ਪੰਜ ਹਜ਼ਾਰ ਰੁਪਏ ਦੇ ਨਕਦ ਇਨਾਮ ਦਿੱਤੇ ਗਏ। ਐਲਪੀਯੂ ਦੀ ਪ੍ਰੋ ਚਾਂਸਲਰ ਸ੍ਰੀਮਤੀ ਰਸ਼ਮੀ ਮਿੱਤਲ ਨੇ ਜੇਤੂਆਂ ਨੂੰ ਸਨਮਾਨਿਤ ਕੀਤਾ। ਦੇਸ਼ ਭਰ ਦੇ 300 ਦੇ ਕਰੀਬ ਵਿਦਿਆਰਥੀਆਂ ਨੇ ਇਸ ਲਈ ਰਜਿਸਟਰੇਸ਼ਨ ਕਰਵਾਈ ਸੀ, ਜਿੱਥੇ ਸਿਰਫ਼ 60 ਵਿਦਿਆਰਥੀ ਹੀ ਸੰਸਦ ਮੈਂਬਰ ਬਣ ਸਕੇ ਸਨ।

ਬਿਸਤ ਦੁਆਬ ਨਹਿਰ ਦੀਆਂ ਸਲੈਬਾਂ 'ਚ ਪਈਆਂ ਦਰਾੜਾਂ

ਮੇਹਟੀਆਣਾ(ਜਗਤਾਰ ਸਿੰਘ ਭੁੰਗਰਨੀ) ਨਵੀਨ ਕੀਤੀ ਗੜ੍ਹਸ਼ੰਕਰ -ਕੋਟ ਫਤੂਹੀ -ਮੇਹਟੀਆਣਾ -ਆਦਮਪੁਰ ਬਿਸਤ ਦੁਆਬ ਨਹਿਰ ਦੀਆਂ ਸਲੈਬਾਂ 'ਚ ਦਰਾੜਾਂ ਪੈਣੀਆਂ ਸ਼ੁਰੂ ਹੋ ਗਈਆਂ ਹਨ। ਇਸ ਮੌਕੇ ਦੁਆਬਾ ਜਨਰਲ ਕੈਟਾਗਰੀ ਫਰੰਟ ਦੇ ਪ੍ਰਧਾਨ ਬਲਵੀਰ ਸਿੰਘ ਫੁੱਗਲਾਣਾ ਅਤੇ ਜਨਰਲ ਸਕੱਤਰ ਜਗਤਾਰ ਸਿੰਘ ਭੁੰਗਰਨੀ ਵਿਸ਼ਵ ਰਾਜਪੂਤ ਸਭਾ ਦੇ

ਪ੍ਰਧਾਨ ਉਂਕਾਰ ਸਿੰਘ ਮਿਨਹਾਸ ਨੇ ਸਾਂਝਾ ਬਿਆਨ ਜਾਰੀ ਕਰਦਿਆਂ ਜਾਣਕਾਰੀ ਦਿੰਦਿਆਂ ਕਿਹਾ ਕਿ ਇਸ ਨਹਿਰ ਦਾ ਨਵੀਨੀਕਰਨ ਲਗਭਗ ਅਕਤੂਬਰ 2021 ਵਿੱਚ ਸ਼ੁਰੂ ਹੋਇਆ ।ਇਸ ਨਹਿਰ ਨੂੰ ਬਣਾਉਣ ਲਈ ਵੱਖ ਵੱਖ ਭਾਗਾਂ ਵਿੱਚ ਵੱਖ ਵੱਖ ਠੇਕੇਦਾਰਾਂ ਟੈਂਡਰ ਕੀਤੇ ਗਏ ਸਨ। ਪਰ ਪਾਸ਼ਟਾ -ਭੁੰਗਰਨੀ -ਬਘਾਣਾ-ਮੇਹਟੀਆਣਾ ਦੇ ਏਰੀਏ ਵਿਚ ਠੇਕੇਦਾਰਾਂ ਵੱਲੋਂ ਨਵੀ ਬਣ ਰਹੀ ਨਹਿਰ ਵਿੱਚ ਘਟੀਆ ਮਟੀਰੀਅਲ ਵਰਤਣਾ ਸ਼ੁਰੂ ਕਰ ਦਿੱਤਾ । ਜਿਸ ਨੂੰ ਲੈਕੇ ਦੀਆਂ ਸਮਾਜ ਸੇਵੀ, ਕਿਸਾਨ ਜਥੇਬੰਦੀਆਂ,ਦੋਆਬਾ ਜਨਰਲ ਕੈਟਾਗਰੀ ਫਰੰਟ, ਸਾਹਿਬ ਜਾਂਦਾ ਬਾਬਾ ਫਤਿਹ ਸਿੰਘ ਜੀ ਤਰਨਾ ਦਲ,ਵਿਸ਼ਵ ਰਾਜਪੂਤ ਸਭਾ ਅਤੇ ਹੋਰ ਹਮਖਿਆਲੀ ਜਥੇਬੰਦੀਆਂ ਵਲੋ ਵਿਰੋਧ ਕੀਤ। ਇਸਨੂੰ ਲੈ ਕੇ ਹੁਸ਼ਿਆਰਪੁਰ -ਫਗਵਾੜਾ ਰੋਡ ਵੀ ਇਕ ਘੰਟਾ ਜਾਮ ਹੋਇਆ । ਠੇਕੇਦਾਰਾਂ ਵੱਲੋਂ ਨਹਿਰ ਅੰਦਰ ਦੋਵੇਂ ਪਾਸੇ ਕੱਚੀ ਮਿੱਟੀ ਥੱਪ ਕੇ ਉੱਪਰ ਮਿੱਕਸਚਰ ਪਾ ਦਿੱਤਾ ਗਿਆ । ਪਿਛਲੇ ਦਿਨੀਂ ਇਸ ਇਲਾਕੇ ਵਿੱਚ ਇੱਕ ਆਏ ਝੱਖੜ ਕਾਰਨ ਬਘਾਣਾ ਪੁੱਲ 'ਚ ਦਰੱਖਤ ਦਾ ਇਕ ਟਾਹਣਾ ਨਹਿਰ ਡਿੱਗ ਪਿਆ। ਜਿਸ ਕਾਰਨ ਪਾਣੀ ਦਾ ਪੱਧਰ ਵੱਧ ਗਿਆ ਅਤੇ ਨਹਿਰ ਵਿਭਾਗ ਵੱਲੋਂ ਬਣਾਈ ਨਵੀਨ ਆਧੁਨਿਕ ਨਹਿਰ ਦਾ ਪਰਦਾ ਫਾਸ਼ ਹੋ ਗਿਆ। ਸਮੂਹ ਇਲਾਕਾ ਨਿਵਾਸੀਆਂ ਨੇ ਕਿਹਾ ਕਿ ਇਸ ਅਖੌਤੀ ਆਧੁਨਿਕ ਬਣਾਈ ਨਹਿਰ ਦੀ ਨਿਰਪੱਖ ਜਾਂਚ ਕਰਵਾਈ ਜਾਵੇ। ਇਸ ਮੌਕੇ ਹੋਰਨਾਂ ਇਲਾਵਾ ਬਲਵਿੰਦਰ ਸਿੰਘ ਗਿੱਲ,ਗੁਰਦਿਆਲ ਸਿੰਘ ਜਲਵੇਹੜਾ, ਜਸਵਿੰਦਰ ਸਿੰਘ ਸੰਘਾ ,ਮਾਸਟਰ ਅਵਤਾਰ ਸਿੰਘ ,ਵਰਿੰਦਰ ਸਿੰਘ ਭਿੰਡਰ ਜਗਦੇਵ ਸਿੰਘ ਕੁਕੋਵਾਲ ਆਦਿ ਵੀ ਹਾਜਰ ਸਨ।

ਸੁਸ਼ੀਲ ਰਿੰਕੂ ਨੇ ਪ੍ਰਧਾਨ ਮੰਤਰੀ ਦੇ ਨਾਂਅ ਸੌਂਪਿਆ ਮੰਗ ਪੱਤਰ

ਜਲੰਧਰ (ਸ਼ੈਲੀ ਐਲਬਰਟ)-ਜਲੰਧਰ ਤੋਂ ਲੋਕ ਸਭਾ ਮੈਂਬਰ ਸੁਸ਼ੀਲ ਕੁਮਾਰ ਰਿੰਕੂ ਨੇ ਨਵੀਂ ਦਿੱਲੀ ਵਿਖੇ ਪ੍ਰਧਾਨ ਮੰਤਰੀ ਦੇ ਨਾਂਅ 'ਤੇ ਇਕ ਮੰਗ ਪੱਤਰ ਉਨ੍ਹਾਂ ਦੇ ਸਲਾਹਕਾਰ ਤਰੁਣ ਕੁਮਾਰ ਨੂੰ ਸੌਂਪਿਆ, ਜਿਸ ਵਿੱਚ ਉਨ੍ਹਾਂ ਕੈਨੇਡਾ ਵਿੱਚ ਰਹਿਣ ਵਾਲੇ ਭਾਰਤੀਆਂ ਨੂੰ ਵੀਜ਼ਾ ਸੇਵਾਵਾਂ ਪ੍ਰਦਾਨ ਕਰਨ ਦਾ ਮੁੱਦਾ ਉਠਾਇਆ । ਰਿੰਕੂ ਨੇ ਕਿਹਾ ਕਿ ਪੂਰੇ ਦੇਸ਼ ਖਾਸ ਕਰਕੇ ਪੰਜਾਬ ਤੋਂ ਵੱਡੀ ਗਿਣਤੀ ਵਿੱਚ ਲੋਕ ਕੈਨੇਡਾ ਜਾ ਕੇ ਵੱਸ ਚੁੱਕੇ ਹਨ ਜਿਨ੍ਹਾਂ ਨੇ ਉਥੋਂ ਦੀ ਨਾਗਰਿਕਤਾ ਵੀ ਲੈ ਲਈ ਹੈ ਪਰ ਕੈਨੇਡਾ ਦੇ ਨਾਗਰਿਕਾਂ ਲਈ ਵੀਜ਼ਾ ਸੇਵਾਵਾਂ ਰੱਦ ਹੋਣ ਦਾ ਅਸਰ ਹੁਣ ਉਨਾਂ ਲੋਕਾਂ ਉਤੇ ਵੀ ਪੈ ਰਿਹਾ ਹੈ।। ਉਨ੍ਹਾਂ ਅੱਗੇ ਕਿਹਾ ਕਿ ਬਹੁਤ ਸਾਰੇ ਲੋਕ ਹਨ ਜੋ ਸਰਦੀਆਂ ਵਿੱਚ ਪੰਜਾਬ ਆਉਂਦੇ ਹਨ । ਕਾਫ਼ੀ ਲੋਕ ਵਿਆਹਾਂ-ਸ਼ਾਦੀਆਂ ਸਮਾਗਮਾਂ ਵਿੱਚ ਹਿੱਸਾ ਲੈਣ ਜਾਂ ਸਿਹਤ ਸੇਵਾਵਾਂ ਲਈ ਆਉਂਦੇ ਹਨ ਪਰ ਵੀਜ਼ਾ ਸੇਵਾਵਾਂ ਰੱਦ ਹੋਣ ਨਾਲ ਉਹ ਭਾਰਤ ਨਹੀਂ ਆ ਪਾ ਰਹੇ।। ਉਨ੍ਹਾਂ ਕਿਹਾ ਕਿ ਕੈਨੇਡਾ ਵਿੱਚ ਭਾਰਤੀ ਦੂਤ ਘਰ ਵੱਲੋਂ ਉਥੇ ਰਹਿ ਰਹੇ ਭਾਰਤੀ ਨਾਗਰਿਕਾਂ ਨੂੰ ਬਿਨਾਂ ਕਿਸੀ ਦੇਰੀ ਦੇ ਵੀਜ਼ਾ ਸੇਵਾਵਾਂ ਮੁਹੱਈਆ ਕਰਵਾਈਆਂ ਜਾਣੀਆਂ ਚਾਹੀਦੀਆਂ ਹਨ ਤਾਂ ਜੋ ਉਹ ਲੋਕ ਇਥੇ ਆ ਕੇ ਆਪਣੇ ਰਿਸ਼ਤੇਦਾਰਾਂ-ਦੋਸਤਾਂ ਨੂੰ ਮਿਲ ਸਕਣ ਅਤੇ ਆਪਣੇ ਜ਼ਰੂਰੀ ਕੰਮ ਕਰ ਸਕਣ । ਰਿੰਕੂ ਨੇ ਪ੍ਰਧਾਨ ਮੰਤਰੀ ਨੂੰ ਅਪੀਲ ਕੀਤੀ ਕਿ ਇਸ ਮੁੱਦੇ ਨੂੰ ਪ੍ਰਮੁੱਖਤਾ ਨਾਲ ਹੱਲ ਕਰਨ ਕਿਉਂਕਿ ਇਹ ਵੱਡੀ ਗਿਣਤੀ ਕੈਨੇਡਾ ਵਿੱਚ ਰਹਿਣ ਵਾਲੇ ਭਾਰਤੀਆਂ ਦੇ ਹਿੱਤ ਨਾਲ ਜੁੜਿਆ ਹੋਇਆ ਹੈ।

ਐੱਸ ਟੀ ਐੱਸ ਵਰਲਡ ਸਕੂਲ 'ਚ ਸਾਲਾਨਾ ਖੇਡ ਦਿਵਸ ਸਮਾਗਮ ਕਰਵਾਇਆ

ਗੁਰਾਇਆ (ਬਿੰਦਰ ਸੁਮਨ)— ਐੱਸ. ਟੀ. ਐੱਸ.ਵਰਲਡ ਸਕੂਲ ਵਿੱਚ

15-Oct-Sunday.qxd 10/14/2023 8:46 PM Page 1

ਡਾ. ਸਤੀਸ਼ ਠੁਕਰਾਲ ਸੋਨੀ ਦੀਆਂ ਨਵੀਂਆਂ ਕਵਿਤਾਵਾਂ
ਆਖਰੀ ਤੋਂ ਪਹਿਲੇ ਸਫ਼ੇ 'ਤੇ

ਨਵਾਂ ਜ਼ਮਾਨਾ ਐਤਵਾਰਤਾ

Regd. No : Pb/JL-123/2021-2023, (R.N.I.)-00068/57

ਜਲੰਧਰ : ਐਤਵਾਰ, 15 ਅਕਤੂਬਰ 2023

www.nawanzamana.in

ਕੀਮਤ 5.00 ਰੁਪਏ

ਜਦੋਂ ਇਹ ਲੱਗ ਰਿਹਾ ਹੁੰਦਾ
ਕਿਸੇ ਨੂੰ ਯਾਦ ਕਰਦੇ ਹਾਂ
ਕਿਸੇ ਅੰਦਰ ਦੀ ਖਾਈ ਦਾ
ਉਦੋਂ ਅਨੁਵਾਦ ਕਰਦੇ ਹਾਂ।

- ਅਰਤਿੰਦਰ ਸੰਧੂ

ਫਲਸਫ਼ੇ ਦੀ ਪ੍ਰਸੰਗਿਕਤਾ

ਜਗਰੂਪ

ਮਾਰਕਸਵਾਦ ਸਦਾ ਰਾਹ-ਦਸੇਰਾ

ਭਾਗ-17

ਸਾਮਰਾਜਵਾਦ, ਸਰਮਾਏਦਾਰੀ ਦਾ ਵਿਸ਼ੇਸ਼ ਰੂਪ ਹੈ, ਜਿਸ ਦਾ ਵਿਸ਼ਲੇਸ਼ਣ (analysis) ਦੱਸਦਾ ਹੈ ਕਿ ਇਸ ਦੀ ਲੁੱਟ ਦੀਆਂ ਵਿਸ਼ੇਸ਼ ਵੰਨਗੀਆਂ ਹਨ।

ਪਰ ਵੰਨਗੀਆਂ ਜਿੰਨੀਆਂ ਮਰਜ਼ੀ ਹੋਣ, ਕਿਰਤ ਦੀ ਲੁੱਟ ਤੋਂ ਬਾਹਰਾ ਕੁਝ ਨਹੀਂ ਹੈ, ਉਪਰਲੀ, ਸੁਪਰ ਮੁਨਾਫੇ ਦੀ ਸਾਰੀ ਲੁੱਟ ਸਮੇਤ, ਇਸ ਦੀ ਪ੍ਰਜੀਵੀ ਲੁੱਟ ਵਿਚ ਵੀ, ਬੁਨਿਆਦੀ ਉਜਰਤੀ-ਕਿਰਤ ਦੀ ਲੁੱਟ ਸ਼ਾਮਲ ਹੈ। ਇਸ ਨੂੰ ਅਣਡਿੱਠ ਕਰਨਾ ਵੱਡੀ ਭੁੱਲ ਹੋਵੇਗੀ। ਆਓ ਉਪਰੋਂ ਮਾਮਲੇ ਨੂੰ ਦੇਖੀਏ।

ਮਾਲੀ-ਸਰਮਾਇਆ, ਸਰਮਾਏ ਦੀ ਤਰ੍ਹਾਂ ਹੀ, ਪਰ ਨਵੀਂ-ਸ਼ਕਤੀ ਹੈ, ਇਸ ਦੀਆਂ ਹਦਾਇਤਾਂ ਦਾ ਪਾਲਣ ਹੁੰਦਾ ਹੈ। "ਕਰਜ਼ਦਾਰ ਨਾਲ ਕਰਜ਼ਦਾਤਾ ਦਾ ਸੰਬੰਧ, ਖਰੀਦਦਾਰ ਨਾਲ ਮਾਲ ਵੇਚਣ ਵਾਲੇ ਦੇ ਸੰਬੰਧ ਦੇ ਮੁਕਾਬਲੇ, ਕਿਤੇ ਪੱਕਾ ਹੁੰਦਾ ਹੈ।" (ਚੋਣਵੀਂ ਰਚਨਾ-1, ਸ-570)ਮਾਲੀ-ਸਰਮਾਇਆ ਦੀ ਵਰਤੋਂ ਕੌਣ ਕਰਦਾ ਹੈ? ਛੋਟੇ-ਵੱਡੇ ਕਾਰੋਬਾਰੀ ਅਤੇ ਉਦਯੋਗਿਕ ਸਰਮਾਇਆ!

ਸ਼ੁਰੂ ਵਿੱਚ ਇਸ ਦੀ ਲੋੜ ਉਤਪਾਦਨ ਕਰਨ ਲਈ, ਉਦਯੋਗਿਕ ਸਰਮਾਏ ਵਜੋਂ ਵਧੇਰੇ ਹੁੰਦੀ ਸੀ। ਹਰ ਕਾਰੋਬਾਰ ਵਿਚ ਆਪਸੀ ਮੁਕਾਬਲੇਬਾਜ਼ੀ ਦੀਆਂ ਲੋੜਾਂ ਦੀ ਪੂਰਤੀ ਲਈ, ਹਰ ਇਕ ਨੂੰ ਹੋਰ ਸਰਮਾਏ ਦੀ ਲੋੜ ਪੈਂਦੀ ਹੈ। ਸਰਮਾਏ ਦੀ ਬਰਾਮਦ (Export) ਨੀਤੀ ਨੇ, ਇਸ ਦੀ ਮਹੱਤਤਾ ਹੋਰ ਵਧੇਰੇ ਬਣਾ ਦਿੱਤੀ। ਉਤਪਾਦਨ ਖੇਤਰ 'ਚ ਮੁਕਾਬਲੇਬਾਜ਼ੀ ਕਾਰਨ ਲਾਗਤੀ ਖਰਚੇ ਘਟਾਉਣੇ ਲਾਜ਼ਮੀ ਬਣ ਜਾਂਦੇ ਹਨ। ਉਹ (ਕਾਰੋਬਾਰੀ), ਪੈਦਾਕਾਰੀ ਖਰਚੇ ਘਟਾਏ ਜਾਂ ਦੀਵਾਲੀਆ ਬਣ ਜਾਵੇ। ਖਰਚੇ ਘਟਾਉਣ ਲਈ, ਉਜਰਤੀ-ਕਿਰਤ ਦਾ ਹਿੱਸਾ ਘਟਾਉਣਾ ਹੀ, ਇੱਕੋ-ਇੱਕ ਰਾਹ ਹੈ। ਇਹ ਘਟਾਉਣ ਲਈ ਕਾਰੋਬਾਰ ਨਵਿਆਉਣਾ ਪੈਂਦਾ ਹੈ। ਨਵਿਆਉਣ ਲਈ ਸਰਮਾਇਆ ਦੀ ਲੋੜ ਪੈਂਦੀ ਹੈ। ਇਸ ਲਈ ਉਹ ਮਾਲੀ-ਸਰਮਾਇਆ ਕੋਲ ਜਾਣ, ਕਰਜ਼ਦਾਰ ਬਣਨ ਲਈ ਮਜਬੂਰ ਹੁੰਦਾ ਹੈ। ਫਿਰ ਮਾਲੀ-ਸਰਮਾਇਆ ਆਪਣੀਆਂ ਸ਼ਰਤਾਂ ਥੋਪਦਾ ਹੈ। ਜੋ ਉਸ ਲਈ ਬੇਲੋੜੇ ਖਰਚੇ ਬਣਦੇ ਹਨ। ਦੂਜੀ ਸੰਸਾਰ ਜੰਗ ਦੇ ਖਾਤਮੇ 15 ਅਗਸਤ 1945 ਤੋਂ 13 ਮਹੀਨੇ ਪਹਿਲਾਂ ਹੀ, ਸੰਸਾਰ ਸਰਮਾਏਦਾਰਾ ਜੁੰਡੀ ਨੇ 1-22 ਜੁਲਾਈ 1944 ਦੀ 'ਬਰਟਨ-ਵੂਡ' ਕਾਨਫਰੰਸ 'ਚ "ਸੰਸਾਰ ਬੈਂਕ" ਅਤੇ "ਇੰਟਰਨੈਸ਼ਨਲ ਮੁਦਰਾ ਫੰਡ" (World bank & IMF) ਅਦਾਰੇ ਸਥਾਪਤ ਕਰਕੇ, ਇਸ ਨੀਤੀ ਦਾ ਮੁਖੀ ਅਮਰੀਕਾ ਨੂੰ ਵੀ ਪਰਵਾਨ ਕਰ ਲਿਆ ਸੀ।

ਮਾਲੀ-ਸਰਮਾਇਆ, ਦੇਸ਼ਾਂ ਅਤੇ ਉਦਯੋਗਿਕ ਅਦਾਰਿਆਂ ਨੂੰ ਕਰਜ਼ ਦੇ ਵਿਆਜ ਰਾਹੀਂ ਲੁੱਟਦਾ ਹੈ। ਉਦਯੋਗਿਕ ਅਦਾਰੇ, ਉਜਰਤੀ-ਕਿਰਤ ਅਤੇ ਕੱਚੇ ਮਾਲ ਦੇ ਪੈਦਾਕਾਰਾਂ ਤੇ ਖਪਤਕਾਰਾਂ ਨੂੰ ਵੀ ਲੁੱਟਦੇ ਹਨ। ਇਹ ਇਕ ਲੜੀਬੱਧ ਲੁੱਟ ਹੈ।

ਪੈਦਾਵਾਰੀ-ਸਰਮਾਇਆ, ਉਜਰਤੀ-ਕਿਰਤ ਦੀ ਲੁੱਟ ਰਾਹੀਂ, ਵਾਧੂ-ਮੁੱਲ ਦੀ ਪ੍ਰਕਿਰਿਆ ਵਿੱਚੋਂ ਮੁਨਾਫੇ ਨਚੋੜਦਾ ਹੈ। ਉਪਜਾਂ ਦੀ ਖਪਤ ਦੇ ਪ੍ਰਬੰਧ ਦਾ ਖਰਚਾ, ਪੈਦਾਵਾਰ ਤੋਂ ਅਗਲੇ ਵਰਤਾਰੇ ਦਾ ਖਰਚਾ ਹੈ, ਜੋ ਆਰਥਿਕ-ਸਮਾਜਿਕ-ਰਾਜਨੀਤਕ ਸੰਬੰਧ ਦਾ ਰੂਪ ਧਾਰਦਾ ਹੈ। ਜੇ ਮਾਲੀ-ਸਰਮਾਇਆ ਪੈਦਾਵਾਰ ਵਿਚ ਨਹੀਂ ਜਾਂਦਾ ਤਾਂ ਇਹ, ਉਹਦੇ ਖੁਦ ਲਈ ਖਤਰੇ ਦੇ ਜਨਮ ਲੈਣ ਦਾ ਸੰਕੇਤ ਹੈ। ਪੈਦਾਵਾਰੀ-ਸਰਮਾਇਆ, ਉਜਰਤੀ-ਕਿਰਤ ਦੀ ਲੁੱਟ ਬਗੈਰ ਨਹੀਂ ਵਧਦਾ। ਇੰਝ, ਮਾਲੀ-ਸਰਮਾਇਆ ਹਰ ਲੁੱਟ ਦਾ ਸਿਖਰ ਅਤੇ ਇਸ ਪ੍ਰਬੰਧ ਦਾ ਸਰਪ੍ਰਸਤ ਹੈ। ਸਭ ਦੀ ਹੋਣੀ ਆਪਸ ਵਿਚ ਜੁੜੀ ਹੋਈ ਹੈ।

ਨਤੀਜਨ ਮਾਲੀ-ਸਰਮਾਇਆ, ਜੋ ਪ੍ਰਜੀਵੀ ਖਾਸਾ ਰੱਖਦਾ ਹੈ, ਵਿਕਾਸ (ਵਾਧੇ) ਦੀ ਇਕ ਖਾਸ ਪੱਧਰ 'ਤੇ ਪੁੱਜ ਕੇ ਆਪਣੇ ਗਾਹਕਾਂ (ਨਵੇਂ ਕਰਜ਼ਦਾਰਾਂ) ਦੀ ਘਾਟ ਵਿੱਚੋਂ ਪ੍ਰਜੀਵੀ ਖਾਸੇ ਕਾਰਨ ਖਤਰੇ ਵਿਚ ਹੋਵੇਗਾ। ਜਦੋਂ ਗਾਹਕ ਨਹੀਂ ਤਾਂ ਵਿਆਜ ਵੀ ਨਹੀਂ ਹੋਵੇਗਾ! ਇੰਝ, ਮਾਲੀ-ਸਰਮਾਇਆ ਦਾ ਪ੍ਰਜੀਵੀ ਖਾਸਾ ਵੀ, ਲੁੱਟ ਦੇ ਸਮਾਜਿਕ ਸੰਬੰਧਾਂ ਦੇ ਘੇਰੇ ਵਿਚ ਹੀ ਚੱਲਦਾ ਹੈ।

ਹਰ ਵਰਤਾਰੇ ਦੀ ਇਕ ਸੀਮਾ ਹੁੰਦੀ ਹੈ, ਉਸ ਦੇ ਪੱਕ ਜਾਣ ਪਿੱਛੋਂ ਉਸ ਨੇ ਆਪਣੇ ਤੋਂ ਬਿਹਤਰ ਵਰਤਾਰੇ ਨੂੰ ਥਾਂ ਦੇਣੀ ਹੁੰਦੀ ਹੈ ਜਾਂ ਵਾਰੀ-ਵਾਰੀ ਕੁਝ ਨਾ ਕੁਝ ਢਾਹ ਕੇ ਮੁੜ ਉਸਾਰਨ ਦੇ ਰਾਹ ਚੱਲਣਾ ਹੁੰਦਾ ਹੈ। ਉਹ ਨਵੇਂ, ਉਚੇਰੇ ਉਤਪਾਦਨ ਢੰਗ ਨੂੰ ਰਾਹ ਦੇਣਾ ਪਸੰਦ ਨਹੀਂ ਕਰਦਾ। ਉਹ ਦੂਜੇ, ਢਾਓ ਰਾਹ ਨੂੰ ਤਰਜੀਹ ਦਿੰਦਾ ਹੈ। ਉਹ ਜੰਗਾਂ ਲਾ ਕੇ ਢਾਵੇ, ਭਾਵੇਂ ਅੱਗਾਂ ਲਾ ਕੇ ਢਾਵੇ, ਉਸ ਲਈ ਸਭ ਠੀਕ ਹੈ, ਜਿਸ ਨਾਲ ਮਾਲੀ-ਸਰਮਾਇਆ ਨੂੰ ਗਾਹਕ ਮਿਲਣੇ ਜਾਰੀ ਰਹਿਣ।

ਇਸ ਤਰ੍ਹਾਂ ਉਹ "ਸਰਮਾਏਦਾਰ ਉਤਪਾਦਨ ਦੇ ਢੰਗ" ਨੂੰ ਬਚਾਈ ਰੱਖਣ ਲਈ ਬਜ਼ਿੱਦ ਹੁੰਦਾ ਹੈ।

"ਸਰਮਾਏਦਾਰਾ ਉਤਪਾਦਨ ਢੰਗ" ; ਜਿਸ ਵਿਚ
ਉਜਰਤੀ-ਗੁਲਾਮੀ ਵਧਦੀ ਹੈ, ਕਿਰਤ ਉਤਪਾਦਕਤਾ
ਦੇ ਵਾਧੇ ਨਾਲ ਬੇਰੁਜ਼ਗਾਰੀ ਵਧ ਕੇ, ਵਾਧੂ-ਵਸੋਂ ਵਰਤਾਰਾ ਬਣ ਜਾਂਦਾ ਹੈ। ਜਿਸ ਦੇ ਵਿਕਾਸ ਵਿੱਚੋਂ ਮਾਲੀ-ਸਰਮਾਇਆ ਆਪਣੀ 'ਧੌਂਸ' (Threat) ਦੀ ਸਥਿਤੀ ਹਾਸਲ ਕਰਨ ਦੇ ਰਾਹ ਪੈਂਦਾ ਹੈ, ਜੋ ਢਾਹ-ਉਸਾਰ ਦੇ 'ਚੱਕਰੀ ਗੇੜ' ਦੀ ਗਤੀ ਦਾ ਧਾਰਨੀ ਬਣਦਾ ਹੈ। ਵਿਕਾਸ ਦਰ ਧੀਮੀ ਹੋ ਜਾਂਦੀ ਹੈ, ਆਖਰ ਰੁਕ ਜਾਂਦੀ ਹੈ। ਜਨਤਾ ਦਾ ਦਮ ਘੁਟਦਾ ਹੈ। ਆਰਥਿਕ ਪਾੜੇ ਕਾਰਨ ਵਸੋਂ ਦੇ ਵੱਡੇ ਹਿੱਸੇ ਦੀ ਘਟੀ ਖਰੀਦ ਸ਼ਕਤੀ, ਪਰਬੰਧ ਦੀ ਉਲਟੀ ਗਿਣਤੀ ਸ਼ੁਰੂ ਕਰਦੀ ਹੈ। ਮਾਲੀ-ਸਰਮਾਏ ਦੀ ਬਹੁਤਾਤ ਹੀ ਦੂਜੇ ਪਾਸੇ ਪ੍ਰਬੰਧ ਬਦਲਣ ਦੀ ਲੋੜ ਨੂੰ ਉਭਾਰ ਦਿੰਦੀ ਹੈ।

"ਸਰਮਾਏਦਾਰਾ-ਪੈਦਾਵਾਰ ਅਤੇ ਵੰਡ ਢੰਗ" ਦਾ ਬਦਲ, ਉਚੇਰਾ ਰੂਪ, ਜਿਸ ਦਾ ਮਾਰਕਸ ਨੇ ਐਲਾਨ ਕੀਤਾ ਸੀ: ਕਿ ਨਵਾਂ ਕਿਰਤ ਅਧਿਕਾਰ ਪੱਤਰ ਸਭ ਦੀਆਂ ਅੱਖਾਂ ਖੋਲ੍ਹ ਦੇਵੇਗਾ, ਜਿਸ 'ਤੇ ਲਿਖਿਆ ਹੈ :

"ਉਹ ਸਮਾਂ ਕਦੋਂ ਖਤਮ ਹੁੰਦਾ ਹੈ, ਜੋ ਕਿਰਤੀ ਨੇ ਵੇਚਿਆ ਹੈ ਅਤੇ ਉਸ ਦਾ ਆਪਣਾ ਸਮਾਂ ਕਦੋਂ ਸ਼ੁਰੂ ਹੁੰਦਾ ਹੈ।" (ਦਾਸ ਕੈਪੀਟਲ) ਉਜਰਤੀ-ਗੁਲਾਮੀ ਦਾ ਸਮਾਂ ਕਦੋਂ ਮੁੱਕਦਾ ਹੈ ਅਤੇ ਉਸ ਦੀ ਆਜ਼ਾਦੀ ਦਾ ਸਮਾਂ ਕਦੋਂ ਸ਼ੁਰੂ ਹੁੰਦਾ ਹੈ?

ਇਹੀ ਨਵਾਂ ਉਤਪਾਦਨ ਢੰਗ ਹੈ : "ਸੁਤੰਤਰ ਸਮਾਂ ਉਪਜਾਣ ਤੇ ਵੰਡ ਦਾ ਢੰਗ"

"Free time mode of production and distribution".

ਗੈਰ ਪਦਾਰਥਵਾਦੀ ਸੋਚ ਦੇ ਧਾਰਨੀ, (ਜੋ ਹਮੇਸ਼ਾ ਖੜੋਤ ਦੇ ਹੱਕ ਵਿਚ ਭੁਗਤਦੇ ਹਨ) ਅੱਜ ਵੀ ਇਸ ਬਾਰੇ ਕਿੰਤੂ-ਪ੍ਰੰਤੂ ਦੀ ਝੜੀ ਲਾ ਦੇਣਗੇ। ਉਹ ਇਹ ਵੀ ਭੁੱਲ ਜਾਣਗੇ ਕਿ ਲੈਨਿਨ ਨੇ ਰੂਸੀ ਇਨਕਲਾਬ (1917) ਦੇ ਫੌਰੀ ਬਾਅਦ 1918 ਵਿਚ ਹੀ 'ਸੋਵੀਅਤ ਸਰਕਾਰ ਦੇ ਫੌਰੀ ਕਾਰਜ', ਬਿਆਨ ਕਰਦਿਆਂ, ਇਹ ਐਵੇਂ ਖੁਸ਼ ਕਰਨ ਲਈ ਨਹੀਂ ਸੀ ਕਿਹਾ, [["...ਅਸੀਂ ਉਤਪਾਦਕਤਾ ਵਧਾਵਾਂਗੇ, ਕਿਰਤ ਸਰਫਾ ਕਰਾਂਗੇ, ਕਿਰਤ ਦੇ ਘੰਟਿਆਂ ਨੂੰ ਸੱਤ, ਛੇ ਅਤੇ ਹੋਰ ਵੀ ਘੱਟ ਕੁਝ ਘੰਟਿਆਂ ਤੱਕ ਹੋਵੇ"]] ਯਕੀਨੀ ਕਰਾਂਗੇ। ਇਹ ਸੁਤੰਤਰ ਸਮਾਂ ਪੈਦਾ ਕਰਨਾ ਤੇ ਵੰਡਣਾ ਨਹੀਂ ਤਾਂ ਹੋਰ ਕੀ ਹੈ?



ਰੂਸੀ ਇਨਕਲਾਬ ਨੇ ਇਸ ਰਾਹ (ਢੰਗ) ਦੀ ਚੋਣ ਕੀਤੀ। ਉਹਨਾਂ ਚੁਣੌਤੀਆਂ ਪਾਰ ਕੀਤੀਆਂ। ਉਤਪਾਦਕਤਾ ਵਾਧਾ ਸਮਾਂ ਲੈਂਦਾ ਹੈ, ਉਸ ਦੀ ਕਮਾਲ ਆਪਣੀ ਥਾਂ ਹੈ, ਪਰ ਸਭ ਨੂੰ ਕੰਮ ਦੇ ਅਧਿਕਾਰ ਨੇ ਸਮਾਜਿਕ ਗਤੀ ਨੂੰ ਤੇਜ਼ ਹੁਲਾਰਾ ਦਿੱਤਾ। ਸੋਵੀਅਤ ਮਾਡਲ ਚਾਨਣ-ਮੁਨਾਰਾ ਬਣਿਆ, ਜਿਸ ਦੇ ਪ੍ਰਦਰਸ਼ਨ ਨੂੰ ਰੋਕਣ ਲਈ ਸ਼ੁਰੂ 'ਚ ਹੀ ਘਰੇਲੂ, ਫਿਰ ਦੂਜੀ ਸੰਸਾਰ ਜੰਗ ਦੇ ਹੱਲੇ ਹੋਏ। ਇਹਨਾਂ ਨੂੰ ਘਟਾ ਕੇ ਅੰਕਣਾ ਵਾਜਬ ਨਹੀਂ ਹੈ। ਵਿਕਾਸ ਲਈ ਸਰਮਾਏ ਦੇ ਮੁਢਲੇ-ਇਕੱਤਰੀਕਰਨ ਦੀ, ਉਹਨਾਂ ਅੱਗੇ ਬਹੁਤ ਵੱਡੀ ਚੁਣੌਤੀ ਸੀ, ਨਾਲ ਹੀ ਜੰਗ 'ਚ ਢਹਿ ਗਏ ਨੂੰ ਮੁੜ ਉਸਾਰਨ ਦਾ ਉਤਸ਼ਾਹੀ ਵੱਡਾ ਰੁਝੇਵਾਂ ਵੀ ਸੀ। ਇਸ ਨੇ ਦਹਾਕਿਆਂ ਦਾ ਸਮਾਂ ਲਿਆ। ਇਹ ਚੁਣੌਤੀਆਂ ਸੋਵੀਅਤ ਪਰਬੰਧ ਸਫਲਤਾ ਨਾਲ ਪਾਰ ਕਰ ਗਿਆ। ਪਰ "ਵਾਧੂ-ਮੁੱਲ" ਦੀ ਵਰਤੋਂ, ਜਿਸ ਨਾਲ ਸਮਾਜ ਨੂੰ ਮੁਫਤ ਤੇ ਲਾਜ਼ਮੀ ਵਿੱਦਿਆ, ਸਿਹਤ ਸਹੂਲਤਾਂ ਮੁਫਤ ਅਤੇ ਪੈਨਸ਼ਨਾਂ ਦਿੱਤੀਆਂ ਸਨ। ਕੁਦਰਤੀ ਆਫਤਾਂ ਲਈ ਰਾਖਵਾਂ ਵੀ ਬਣ ਗਿਆ ਸੀ। ਕਿਰਤੀਆਂ ਕੋਲ ਵਾਫਰ ਵੀ ਜੁੜ ਗਿਆ, ਪਰ ਨਵਾਂ ਮਨੁੱਖ ਉਸਰਨ ਵਿਚ ਬਰੇਕ ਲੱਗ ਗਈ।

ਨਵੇਂ ਮਨੁੱਖ ਦੀ ਉਸਾਰੀ ਦਾ ਕਾਰਜ ਉਤਪਾਦਨ ਦਾ ਵਧਣਾ ਨਾ ਹੋ ਕੇ, ਉਸ ਦੀ ਵੰਡ ਨਾਲ ਸੰਬੰਧਤ ਹੁੰਦਾ ਹੈ। ਕਿਰਤ-ਉਤਪਾਦਕਤਾ ਦੇ ਵਾਧੇ ਦਾ ਕੌਤਕ ਕਮਾਲ ਕਰਦਾ ਹੈ। ਜੇ ਇਹ ਵੰਡ, ਗੈਰ-ਵਿਗਿਆਨਕ ਹੋ ਜਾਏ ਤਾਂ ਕੋਈ ਵੀ ਇਨਕਲਾਬ ਇਸ ਦੇ ਹੜ੍ਹ ਅੱਗੇ ਟਿਕ ਨਹੀਂ ਸਕਦਾ, ਫਿਰ ਇਹ ਨਵਾਂ ਮਨੁੱਖ ਸਿਰਜਣ ਦੀ ਥਾਂ ਭ੍ਰਿਸ਼ਟਤਾ ਦਾ ਕੋਹੜੀ, ਨਿੱਜ-ਪ੍ਰਸਤੀ ਸਿਰਜਣ ਲਗਦਾ ਹੈ। ਇਹ ਉਪਰੋਂ ਸ਼ੁਰੂ ਹੁੰਦੀ ਹੈ, ਜੋ ਸਮਾਜਿਕ ਇਨਕਲਾਬ ਦੇ ਆਦਰਸ਼ਾਂ ਤੋਂ ਉਲਟ ਦਿਸ਼ਾ ਵਿਚ ਲੈ ਜਾਣਾ ਸੰਭਵ ਕਰਦਾ ਹੈ।

ਇਸ ਲਈ ਕਿਸੇ ਵੀ, ਸਮਾਜਵਾਦੀ ਇਨਕਲਾਬ ਦੇ ਦੇਸ਼ ਲਈ, ਇਨਕਲਾਬ ਦੇ ਉਦੇਸ਼ ਨੂੰ ਅੱਗੇ ਵਧਾਉਣ ਲਈ, "ਉਤਪਾਦਨ ਅਤੇ ਵੰਡ" ਨੂੰ ਵਿਗਿਆਨ ਸਮਤੋਲ ਵਿਚ ਰੱਖਣਾ, ਉਸ ਦੇ ਜ਼ਿੰਦਾ ਰਹਿਣ ਦੀ ਜ਼ਰੂਰੀ ਸ਼ਰਤ ਹੈ। ਸੋਵੀਅਤ ਪ੍ਰਬੰਧ ਇਸ ਅਸੂਲ ਦਾ ਉਲੰਘਣ ਕਰਕੇ ਢਹਿ ਗਿਆ ਸੀ। ਸਿਧਾਂਤ ਤਜਰਬੇ ਨਾਲ ਪ੍ਰਪੱਕ ਹੋਇਆ ਹੈ।

ਸਰਮਾਏਦਾਰੀ ਨੇ ਆਪਣੇ ਭਾੜੇ ਦੇ ਸਾਰੇ ਪ੍ਰੋਫੈਸਰ, ਬੁੱਧੀਜੀਵੀ, ਇਕੋ ਮੁਹਾਰਨੀ ਕਿ "ਮਾਰਕਸਵਾਦ ਫੇਲ੍ਹ ਹੋ ਗਿਆ" ਦੇ ਜਾਪ ਕਰਵਾਉਣ 'ਤੇ ਲਾ ਰੱਖੇ ਹਨ। ਲੈਨਿਨ ਨੇ ਸਦੀ ਪਹਿਲਾਂ ਇਸ ਦਾ ਮਜ਼ਾਕ ਬਣਾਉਂਦਿਆਂ ਕਿਹਾ ਸੀ : 'ਇਕ ਹਜ਼ਾਰ ਵਾਰ ਐਲਾਨ ਕਰਨ ਪਿੱਛੋਂ ਇਕ ਹਜ਼ਾਰ ਇੱਕਵੀਂ ਵਾਰ' ਫਿਰ ਐਲਾਨ ਕਰਦੇ ਹਨ, "ਮਾਰਕਸਵਾਦ ਮਰ ਗਿਆ!" ਉਹ ਭਾੜੇ ਦੇ ਪ੍ਰਚਾਰਕ ਹਨ, ਉਹਨਾਂ ਨੂੰ ਕੀ, ਕਿ ਸੱਚ ਕਦੀ ਮਰਦਾ ਨਹੀਂ! ਇਹ ਐਲਾਨ ਤਾਂ ਮਾਰਕਸਵਾਦ ਤੋਂ ਸਦੀਆਂ ਪਹਿਲਾਂ, ਮੁੱਢਲੇ ਭੌਤਿਕਵਾਦੀਆਂ ਨੇ ਹੀ ਕਰ ਰੱਖਿਆ ਸੀ।

"ਉਜ਼ਕ ਸਚ ਰਹੀ"- ਮਹਾਨ ਫਿਲਾਸਫਰ ਗੁਰੂ ਬਾਬਾ ਨਾਨਕ ਨੇ ਹੀ ਕਰ ਦਿੱਤਾ ਸੀ।

ਪਰ ਜਮਾਤੀ ਸਮਾਜ ਵਿਚ ਸੱਚ ਜ਼ਾਹਰ ਕਰਨ ਲਈ, ਜਮਾਤੀ ਹੋਂਦ ਦਾ ਇਕ ਪੱਧਰ ਅਤੇ ਅਮਲ ਦਾ ਪ੍ਰੋਗਰਾਮ ਹੋਣਾ ਜ਼ਰੂਰੀ ਹੈ, ਬਿਨਾਂ ਜਥੇਬੰਦਕ ਹੋਂਦ ਸਭ ਅਮੂਰਤ ਬਣਿਆ ਰਹਿੰਦਾ ਹੈ।

ਮਾਲੀ-ਸਰਮਾਇਆ ਇਕ ਸਦੀ ਲੰਮਾ ਇਤਿਹਾਸਕ ਸਫਰ ਪੂਰਾ ਕਰਕੇ, ਆਪਣੀ ਬਹੁਤਾਤ ਦੇ ਬਲਬੂਤੇ, ਪੈਦਾਵਾਰੀ ਕਾਰੋਬਾਰਾਂ ਨੂੰ ਕਰਜ਼ਾ ਦੇਣ ਤੋਂ ਅੱਗੇ ਵਧ ਕੇ, ਮਾਈਕਰੋ-ਮਾਲੀ-ਕੰਪਨੀਆਂ ਰਾਹੀਂ, ਗੈਰ ਉਪਜਾਊ ਖੇਤਰ ਭਾਵ ਖਪਤਕਾਰਾਂ ਨੂੰ ਵੀ, ਉੱਚੇ ਵਿਆਜ (33% ਸਾਲਾਨਾ ਵਾਪਸੀ) ਦਰਾਂ 'ਤੇ ਕਰਜ਼ੇ ਦੇ ਜਾਲ ਵਿਚ ਪਾ ਕੇ, ਲੁੱਟ ਮਚਾ ਰਿਹਾ ਹੈ।

ਸਰਕਾਰਾਂ ਨੂੰ ਕਰਜ਼ ਜਾਲ ਵਿਚ ਪਾ ਕੇ, ਆਪਣੇ ਗਾਹਕ ਪੈਦਾ ਕਰਨ ਦੀਆਂ ਨੀਤੀਆਂ ਦੇ ਹੁਕਮ ਚਾੜ੍ਹ ਰਿਹੈ। ਨਤੀਜੇ ਵਜੋਂ ਵਿੱਦਿਆ ਅਤੇ ਸਿਹਤ ਦੀਆਂ ਨਿੱਜੀਕਰਨ ਨੀਤੀਆਂ ਨੇ ਪੁਰਾਣਾ ਸਾਰਾ ਤਾਣਾ-ਪੇਟਾ ਉਖਾੜ ਦਿੱਤਾ ਹੈ। ਦੂਜੇ ਹੱਥ ਬਿਜਲੀ ਮੁਫਤ, ਆਟਾ-ਦਾਲ ਆਦਿ ਸਕੀਮਾਂ, "ਰਿਉੜੀਆਂ ਵੰਡਣਾ" ਵਿਵਾਦ ਲੋਕਾਂ 'ਚ ਭੇਤ ਬਣਿਆ ਹੋਇਆ ਹੈ। ਸਭ ਲਈ ਮੁਫਤ ਸਿਹਤ-ਸਿੱਖਿਆ ਹੱਕ ਖੋਹ ਕੇ, ਰਿਉੜੀਆਂ ਮੁਫਤ ਕਿਉਂ ਹਨ ?.....

ਭਾਗ-18

ਦੂਜੇ ਪਾਸੇ ਸਰਮਾਏ ਦੇ ਵਿਕਾਸ ਮਾਡਲ ਨੂੰ, ਉਸ ਦੀਆਂ ਅੰਦਰੂਨੀ ਵਿਰੋਧਤਾਈਆਂ ਨੇ, ਚੁਣੌਤੀ ਦੇ ਰੱਖੀ ਹੈ। ਮਾਲੀ-ਸਰਮਾਏ ਦਾ ਆਕਾਰ ਐਨਾ ਵੱਡਾ ਹੋ ਗਿਆ ਹੈ ਕਿ ਆਰਥਿਕ-ਪਾੜਾ ਸਮਾਜਿਕ ਸੰਕਟ ਦੇ ਰੂਪ ਵਿਚ ਪੁੱਜ ਗਿਆ ਹੈ। ਵੰਡ ਐਨੀ ਤਿੱਖੀ ਹੈ ਕਿ ਵਸੋਂ ਦਾ ਬਹੁਤ ਵੱਡਾ, 9/10 ਹਿੱਸਾ ਖਰੀਦ-ਸ਼ਕਤੀ ਗਵਾ ਚੁੱਕਾ ਹੈ। ਵਧੇਰੇ ਸਹੀ ਅਰਥਾਂ ਵਿਚ, ਉਸ ਤੋਂ ਇਹ (ਖਰੀਦ ਸ਼ਕਤੀ) ਖੋਹ ਲਈ ਗਈ ਹੈ, ਜਿਸ ਨਾਲ "ਵਾਧੂ-ਉਤਪਾਦਨ" (Over production) ਦੀ ਸਥਿਤੀ ਪ੍ਰਚਾਰੀ ਜਾਂਦੀ ਹੈ। ਇਹ ਪ੍ਰਸਥਿਤੀ ਕੇਵਲ ਕਿਰਤ ਵਿਰੋਧੀ ਨੀਤੀਆਂ ਅਤੇ ਸਮਾਜਿਕ ਬੇ-ਇਨਸਾਫੀਆਂ ਦੀ ਉਪਜ ਹੁੰਦੀ ਹੈ। ਅਸੀਂ ਵਿਚਾਰ ਚੁੱਕੇ ਹਾਂ ਕਿ ਸਮਾਜ ਵਿਚ ਆਰਥਿਕ ਆਧਾਰ ਉਤੇ ਸਮਾਜਿਕ ਉਸਾਰ, ਭਾਵ ਸਮਾਜਿਕ ਸੰਬੰਧ ਬਣਦੇ ਹਨ। ਰਾਜ ਦਾ ਰੂਪ; ਵਿਧਾਨ-ਕਾਨੂੰਨ, ਸੱਭਿਆਚਾਰ, ਧਰਮ, ਦਰਸ਼ਨ, ਇਹ ਸਭ ਇਸੇ ਉਸਾਰ ਦਾ ਰੂਪ ਹੈ। ਖੁੱਲ੍ਹੇ ਮੁਕਾਬਲੇ ਦੇ ਆਰਥਿਕ ਦੌਰ ਵਿਚ, ਜੋ ਉਸਾਰ ਸੀ, ਉਹ ਆਰਥਿਕ ਇਜਾਰੇਦਾਰੀ ਦੌਰ ਵਿਚ ਨਹੀਂ ਚੱਲ ਸਕਦਾ, ਉਹ ਅਵੱਸ਼ ਬਦਲੇਗਾ ਅਤੇ ਬਦਲਿਆ ਹੈ। ਸਾਮਰਾਜਵਾਦੀ ਉਸਾਰ, ਇਜਾਰੇਦਾਰੀ ਉਸਾਰ ਰੂਪ ਤੋਂ ਅਵੱਸ਼ ਭਿੰਨ ਹੋਵੇਗਾ। ਮਾਲੀ-ਸਰਮਾਏ ਦੀ ਬਹੁਤਾਤ ਦੇ ਦੌਰ ਵਿਚ ਜਦੋਂ ਉਸ ਦਾ ਦਾਬਾ, ਵਧ ਕੇ ਧੌਂਸ ਬਣ ਗਿਆ ਹੈ,

ਤਾਂ ਉਸਾਰ ਸਮੇਤ ਹਕੂਮਤ, ਪਹਿਲਿਆਂ ਨਾਲੋਂ ਭਿੰਨ ਹੋਵੇਗਾ। ਰਾਜ ਦਾ ਖਾਸਾ ਭਿੰਨਤਾ ਦਰਸਾਏਗਾ, ਇਹ ਬੁਰਜੂਆ-ਲੋਕਤੰਤਰ

ਪੰਜਾਂ ਰਾਜਾਂ ਦੀਆਂ ਚੋਣਾਂ ਨਾਲ ਬੱਝਾ ਜਾਪਦਾ ਹੈ ਭਾਰਤ ਦਾ ਰਾਜਨੀਤਕ ਭਵਿੱਖ

ਦ੍ਰਿਸ਼ਟੀਕੋਣ

ਜਤਿੰਦਰ ਪਨੂੰ

ਭਾਰਤ ਇਸ ਵਕਤ ਪੰਜ ਰਾਜਾਂ ਵਿੱਚ ਹੋਣ ਵਾਲੀਆਂ ਵਿਧਾਨ ਸਭਾ ਚੋਣਾਂ ਵੱਲ ਵੇਖ ਰਿਹਾ ਹੈ। ਨਵੰਬਰ ਦੇ ਵਿਚਾਲੇ ਵੋਟਿੰਗ ਸ਼ੁਰੂ ਹੋਣੀ ਅਤੇ ਫਿਰ ਦਸੰਬਰ ਦੇ ਪਹਿਲੇ ਦਿਨ ਅਖੀਰਲੇ ਗੇੜ ਦੀਆਂ ਵੋਟਾਂ ਪੈਣ ਪਿੱਛੋਂ ਤਿੰਨ ਦਸੰਬਰ ਨੂੰ ਨਤੀਜੇ ਆਉਣ ਦੇ ਬਾਅਦ ਇਸ ਦੇਸ਼ ਦੀ ਅਗਲੇ ਸਮੇਂ ਦੀ ਦਸ਼ਾ ਤੇ ਦਿਸ਼ਾ ਤੈਅ ਹੋਣ ਦੀਆਂ ਗੱਲਾਂ ਸੁਣੀਆਂ ਜਾਣ ਲੱਗ ਪਈਆਂ ਹਨ। ਅਸਲ ਵਿੱਚ ਇਹ ਗੱਲ ਸੱਚ ਵੀ ਹੈ ਕਿ ਪਿਛਲੇ ਨੌਂ ਸਾਲਾਂ ਤੋਂ ਦੇਸ਼ ਦੀ ਕਮਾਨ ਸੰਭਾਲੀ ਬੈਠੀ ਪਾਰਟੀ ਅਤੇ ਉਸ ਦੇ ਮੁਖੀ ਲੀਡਰ ਦਾ ਅਕਸ ਇਨ੍ਹਾਂ ਚੋਣਾਂ ਦੇ ਨਤੀਜੇ ਨਾਲ ਅਸਰਦਾਰ ਹੋ ਸਕਦਾ ਹੈ। ਚੋਣਾਂ ਦੇ ਨਤੀਜੇ ਬਾਰੇ ਕਦੇ ਵੀ ਯਕੀਨੀ ਨਹੀਂ ਹੁੰਦਾ ਕਿ ਊਠ ਕਿਸ ਕਰਵਟ ਬੈਠ ਜਾਵੇਗਾ, ਪਰ ਕਦੀ-ਕਦੀ ਇਸ ਬਾਰੇ ਅਗੇਤੇ ਸੰਕੇਤ ਏਦਾਂ ਦੇ ਮਿਲਣ ਲੱਗਦੇ ਹਨ ਕਿ ਉਨ੍ਹਾਂ ਨੂੰ ਮੰਨਣਾ ਭਾਵੇਂ ਮੁਸ਼ਕਲ ਜਾਪਦਾ ਹੋਵੇ, ਨਕਾਰਿਆ ਨਹੀਂ ਜਾ ਸਕਦਾ। ਇਸ ਵਾਰ ਪੰਜ ਰਾਜਾਂ ਦੀਆਂ ਚੋਣਾਂ ਦੇ ਨਤੀਜੇ ਬਾਰੇ ਹੇਠੋਂ ਕੁਝ ਹੋਰ ਪ੍ਰਭਾਵ ਮਿਲਦਾ ਹੈ ਤੇ ਆਪਣੇ ਆਪ ਨੂੰ ਕੌਮੀ ਮੀਡੀਆ ਆਖ ਕੇ ਖੁਸ਼ ਹੋਣ ਵਾਲੇ ਹਿੰਦੀ ਤੇ ਅੰਗਰੇਜ਼ੀ ਦੇ ਬਹੁਤੇ ਚੈਨਲ ਇਸ ਤੋਂ ਐਨ ਉਲਟ ਪ੍ਰਭਾਵ ਪੇਸ਼ ਕਰੀ ਜਾਂਦੇ ਹਨ। ਉਨ੍ਹਾਂ ਰਾਜਾਂ ਦਾ ਗੇੜਾ ਲਾ ਕੇ ਆਏ ਪੱਤਰਕਾਰਾਂ ਦਾ ਕਹਿਣਾ ਹੈ ਕਿ ਓਥੇ ਇਨ੍ਹਾਂ ਚੈਨਲਾਂ ਨੂੰ ਗੰਭੀਰਤਾ ਨਾਲ ਨਹੀਂ ਲਿਆ ਜਾਂਦਾ। ਕੁਝ ਸਮਾਂ ਪਹਿਲਾਂ ਭਾਰਤ ਦੇ ਲੋਕਾਂ ਨੇ ਦੱਖਣੀ ਰਾਜ ਕਰਨਾਟਕ ਦੀ ਵਿਧਾਨ ਸਭਾ ਚੋਣ ਵੇਲੇ ਇਨ੍ਹਾਂ ਚੈਨਲਾਂ ਦੇ ਸ਼ੋਸ਼ੇ ਸੁਣੇ ਸਨ ਅਤੇ ਜਦੋਂ ਨਤੀਜੇ ਆਏ ਤਾਂ ਇਨ੍ਹਾਂ ਦੇ ਪ੍ਰਚਾਰ ਦੇ ਐਨ ਉਲਟ ਨਿਕਲੇ ਸਨ। ਲੋਕ ਆਖਦੇ ਹਨ ਕਿ ਐਤਕੀਂ ਵੀ ਉਹੋ ਕੁਝ ਹੋ ਸਕਦਾ ਹੈ।

ਅਸੀਂ ਅੱਜ ਦੀ ਘੜੀ ਇਹੋ ਜਿਹੀ ਕੋਈ ਗੱਲ ਨਹੀਂ ਕਹਿੰਦੇ ਕਿ ਉਹੋ ਹੀ ਹੋਵੇਗਾ, ਜੋ ਅਸੀਂ ਸਮਝ ਰਹੇ ਹਾਂ, ਸਗੋਂ ਇਸ ਦੀ ਬਜਾਏ ਹਾਲਾਤ ਦਾ ਖਾਕਾ ਪਾਠਕਾਂ ਅੱਗੇ ਪੇਸ਼ ਕਰਨ ਦੀ ਕੋਸ਼ਿਸ਼ ਕਰ ਰਹੇ ਹਾਂ। ਇਨ੍ਹਾਂ ਪੰਜਾਂ ਵਿੱਚੋਂ ਇੱਕ ਰਾਜ ਮੀਜ਼ੋਰਮ ਤਾਂ ਬਾਕੀ ਭਾਰਤ ਤੋਂ ਨਿੱਖੜਵੇਂ ਖਿੱਤੇ ਵਿਚਲੇ ਉਨ੍ਹਾਂ ਸੱਤ ਛੋਟੇ ਰਾਜਾਂ ਵਿੱਚੋਂ ਹੈ, ਜਿਨ੍ਹਾਂ ਨੂੰ 'ਸੈਵਨ ਸਿਸਟਰਜ਼' ਕਿਹਾ ਜਾਂਦਾ ਹੈ। ਇਨ੍ਹਾਂ ਸੱਤਾਂ ਰਾਜਾਂ ਨਾਲ ਬਾਕੀ ਦੇਸ਼ ਦਾ ਸੰਪਰਕ ਸਿਰਫ ਆਸਾਮ ਵਿੱਚੋਂ ਲੰਘ ਕੇ ਬਣਦਾ ਹੈ, ਆਸਾਮ ਵਿੱਚ ਹਾਲਾਤ ਕਦੇ ਅਣਸੁਖਾਵੇਂ ਹੋ ਜਾਣ ਤਾਂ ਇਨ੍ਹਾਂ ਸਾਰਿਆਂ ਵਿੱਚ ਅਨਾਜ ਤੋਂ ਪੈਟਰੋਲ-ਡੀਜ਼ਲ ਤੱਕ ਹਰ ਇੱਕ ਚੀਜ਼ ਦੇ ਭਾਅ ਇੱਕੋ ਰਾਤ ਵਿੱਚ ਦੁੱਗਣੇ-ਚੌਗੁਣੇ ਹੋ ਜਾਇਆ ਕਰਦੇ ਹਨ। ਦੂਸਰੀ ਗੱਲ ਇਹ ਕਿ ਇਨ੍ਹਾਂ ਸੱਤੇ ਰਾਜਾਂ ਨਾਲ ਇੱਕ ਜਾਂ ਦੂਸਰੇ ਦੇਸ਼ ਦਾ ਬਾਰਡਰ ਲੱਗਦਾ ਹੈ ਅਤੇ ਉਨ੍ਹਾਂ ਸੱਤਾਂ ਵਿੱਚੋਂ ਬਹੁਤਿਆਂ ਵਿੱਚ ਕਿਸੇ ਨਾ ਕਿਸੇ ਸਮੇਂ ਭਾਰਤ ਨਾਲ ਜੁੜੇ ਰਹਿਣ ਜਾਂ ਵੱਖ ਹੋਣ ਦੀਆਂ ਸੁਰਾਂ ਨਾਲ ਹਥਿਆਰਬੰਦ ਸੰਘਰਸ਼ ਛਿੜਦੇ ਰਹੇ ਜਾਂ ਫਿਰ ਗਵਾਂਢੀ ਦੇਸ਼ ਤੋਂ ਘੁਸਪੈਠ ਕਰ ਕੇ ਹਾਲਾਤ ਖਰਾਬ ਹੋਣ ਦੀਆਂ ਖਬਰਾਂ ਆਉਂਦੀਆਂ ਰਹੀਆਂ ਹਨ। ਜਿਨ੍ਹਾਂ ਪੰਜ ਰਾਜਾਂ ਵਿੱਚ ਚੋਣਾਂ ਕਰਾਉਣ ਲਈ ਇਸ ਵਕਤ ਪ੍ਰੋਗਰਾਮ ਜਾਰੀ ਹੋ ਚੁੱਕਾ ਹੈ, ਉਨ੍ਹਾਂ ਵਿੱਚੋਂ ਮੀਜ਼ੋਰਮ ਵਿੱਚ ਵੀ ਲੰਮਾ ਸਮਾਂ ਇਹੋ ਜਿਹੇ ਹਾਲਾਤ ਰਹਿਣ ਪਿੱਛੋਂ ਮੋੜਾ ਪਿਆ ਸੀ ਤੇ ਓਥੇ ਦੇਸ਼ ਦੀਆਂ ਕੌਮੀ ਪਾਰਟੀਆਂ ਦੀ ਬਜਾਏ ਸਥਾਨਕ ਲੀਡਰਸ਼ਿਪ ਨਾਲ ਲੋਕ ਬਹੁਤਾ ਜੁੜੇ ਰਹਿੰਦੇ ਹਨ। ਅਗਲੇ ਮਹੀਨੇ ਹੋਣ ਵਾਲੀਆਂ ਚੋਣਾਂ ਵਿੱਚ ਵੀ ਇਸ ਸਥਿਤੀ ਵਿੱਚ ਤਬਦੀਲੀ ਆਉਣ ਦੀ ਅਜੇ ਤੱਕ ਬਹੁਤੀ ਆਸ ਨਹੀਂ।

ਦੂਸਰਾ ਰਾਜ ਤੇਲੰਗਾਨਾ ਪੁਰਾਣੇ ਵੱਡੇ ਰਾਜ ਆਂਧਰਾ ਪ੍ਰਦੇਸ਼ ਤੋਂ ਕੱਟ ਕੇ ਬਣਾਇਆ ਗਿਆ ਤੇ ਪੁਰਾਣੇ ਸਾਂਝੇ ਰਾਜ ਦੀ ਰਾਜਧਾਨੀ ਹੈਦਰਾਬਾਦ ਇਸ ਨੂੰ ਮਿਲੀ ਹੈ। ਕੇਂਦਰ ਦਾ ਰਾਜ ਮਾਣਦੀ ਭਾਰਤੀ ਜਨਤਾ ਪਾਰਟੀ ਦਾ ਦੱਖਣ ਦੇ ਹੋਰ ਰਾਜਾਂ ਵਾਂਗ ਇਸ ਵਿੱਚ ਵੀ ਬਹੁਤਾ ਪ੍ਰਭਾਵ ਨਹੀਂ ਤੇ ਨਵਾਂ ਰਾਜ ਬਣਾਉਣ ਲਈ ਅਗਵਾਈ ਕਰਨ ਵਾਲਾ ਕੇ. ਚੰਦਰਸ਼ੇਖਰ ਰਾਓ ਉੜੀਸਾ ਦੇ ਲੰਮੇ ਸਮੇਂ ਤੋਂ ਚੱਲੇ ਆ ਰਹੇ ਮੁੱਖ ਮੰਤਰੀ ਨਵੀਨ ਪਟਨਾਇਕ ਵਾਂਗ ਕੇਂਦਰ ਸਰਕਾਰ ਲਈ ਲੜਨ ਵਾਲੀਆਂ ਦੋਵਾਂ ਵੱਡੀਆਂ ਸਿਆਸੀ ਧਿਰਾਂ ਭਾਜਪਾ ਅਤੇ ਕਾਂਗਰਸ ਤੋਂ ਬਰਾਬਰ ਫਾਸਲਾ ਰੱਖ ਕੇ ਚੱਲਦਾ ਹੈ। ਇਸ ਵਾਰ ਵੀ ਉਸ ਦਾ ਕਿਲ੍ਹਾ ਮਜ਼ਬੂਤ ਹੈ ਤੇ ਇਹ ਲੱਗਦਾ ਨਹੀਂ ਕਿ ਉਸ ਨੂੰ ਕੋਈ ਧਿਰ ਭੁਆਂਟਣੀ ਦੇ ਸਕੇਗੀ। ਇਸ ਦੇ ਬਾਵਜੂਦ ਕਈ ਵਾਰੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਇਹ ਦਾਅਵਾ ਕਰ ਛੱਡਦੇ ਹਨ ਕਿ ਇਸ ਵਾਰੀ ਭਾਜਪਾ ਓਥੇ ਰਾਜ ਕਰਨ ਲਈ ਤਿਆਰ ਹੈ, ਪਹਿਲਾਂ ਕਾਂਗਰਸ ਵੀ ਇਹੋ ਕਹਿੰਦੀ ਹੁੰਦੀ ਸੀ, ਅੱਜਕੱਲ੍ਹ ਉਹ ਏਦਾਂ ਕਹਿਣ ਤੋਂ ਹਟ ਗਈ ਹੈ।

ਬਹੁ-ਚਰਚਿਤ ਮਸਲਾ ਰਾਜਸਥਾਨ ਦਾ ਹੈ, ਜਿੱਥੇ ਪਿਛਲੇ ਪੰਜ ਸਾਲ ਕਾਂਗਰਸ ਦਾ ਰਾਜ ਰਿਹਾ, ਪਰ ਇਸ ਦੌਰਾਨ ਮੁੱਖ ਮੰਤਰੀ ਅਸ਼ੋਕ ਗਹਿਲੋਤ ਅਤੇ ਮੁੱਖ ਮੰਤਰੀ ਬਣਨ ਦੇ ਚਾਹਵਾਨ ਸਚਿਨ ਪਾਇਲਟ ਦਾ ਆਢਾ ਵੀ ਲੱਗਾ ਰਿਹਾ ਸੀ ਤੇ ਇੱਕ-ਦੋ ਵਾਰੀ ਇਹ ਚਰਚਾ ਵੀ ਚੱਲਦੀ ਸੁਣੀ ਸੀ ਕਿ ਸਚਿਨ ਪਾਇਲਟ ਭਾਜਪਾ ਵਿੱਚ ਜਾ ਸਕਦਾ ਹੈ। ਮੱਧ ਪ੍ਰਦੇਸ਼ ਵਿੱਚ ਜਿੱਦਾਂ ਭਾਜਪਾ ਨੇ ਕਾਂਗਰਸ ਦੀ ਸਰਕਾਰ ਪਲਟਾਈ ਸੀ, ਰਾਜਸਥਾਨ ਵਿੱਚ ਓਦਾਂ ਪਲਟੀ ਨਹੀਂ ਸੀ ਮਾਰ ਸਕੀ ਅਤੇ ਜਦੋਂ ਅਗਲੀ ਚੋਣ ਸਿਰ ਉੱਤੇ ਆਈ ਪਈ ਹੈ ਅਤੇ ਭਾਜਪਾ ਵਾਲੇ ਸਮਝਦੇ ਸਨ ਕਿ ਕਾਂਗਰਸੀਆਂ ਦੀ ਕੋੜਮੇ ਦੀ ਲੜਾਈ ਵਿੱਚ ਉਹ ਮੋਰਚਾ ਜਿੱਤਣ ਵਾਲੇ ਹਨ, ਓਦੋਂ ਉਨ੍ਹਾਂ ਦੇ ਆਪਣੇ ਅੰਦਰ ਹੱਦੋਂ ਬਾਹਰਾ ਪਾਟਕ ਪੈ ਗਿਆ ਹੈ। ਸਾਬਕਾ ਮੁੱਖ ਮੰਤਰੀ ਵਸੁੰਧਰਾ ਰਾਜੇ ਅਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਦੋ ਧੜਿਆਂ ਦੀ ਆਪੋ ਵਿੱਚ ਖਹਿਬਾਜ਼ੀ ਵਧ ਜਾਣ ਕਾਰਨ ਪਿਛਲੇ ਦਿਨੀਂ ਉਮੀਦਵਾਰਾਂ ਦੀ ਚੋਣ ਵਿੱਚ ਵੀ ਵਸੁੰਧਰਾ ਰਾਜੇ ਨੂੰ ਪੁੱਛਿਆ ਨਹੀਂ ਗਿਆ ਅਤੇ ਉਸ ਦੇ ਪੱਕੇ ਸਮੱਰਥਕਾਂ ਵਾਲੀਆਂ ਸੀਟਾਂ ਉੱਤੇ ਦੂਸਰੇ ਧੜੇ ਵਾਲਿਆਂ ਨੂੰ ਟਿਕਟਾਂ ਦੇ ਦਿੱਤੀਆਂ ਗਈਆਂ ਹਨ। ਵਸੁੰਧਰਾ ਰਾਜੇ ਪਿੱਛੋਂ ਗਵਾਲੀਅਰ ਵਾਲੇ ਰਾਜ ਘਰਾਣੇ ਦੀ ਰਾਜਕੁਮਾਰੀ ਤੇ ਰਾਜਸਥਾਨ ਵਿੱਚ ਧੌਲਪੁਰ ਦੇ ਰਾਜ ਘਰਾਣੇ ਦੇ ਮਹਾਰਾਜ ਰਾਣਾ ਹੇਮੰਤ ਸਿੰਘ ਨਾਲ ਵਿਆਹੀ ਹੋਣ ਕਾਰਨ ਰਾਣੀ ਦਾ ਦਰਜਾ ਰੱਖਦੀ ਸੀ। ਉਸ ਦੇ ਮੁਕਾਬਲੇ ਲਈ ਭਾਜਪਾ ਨੇ ਇਸ ਵਾਰੀ ਜੈਪੁਰ ਰਿਆਸਤ ਦੇ ਆਖਰੀ ਮਹਾਰਾਜੇ ਦੀ ਪੋਤੀ ਰਾਜਕੁਮਾਰੀ ਦੀਆ ਕੁਮਾਰੀ ਨੂੰ ਮੂਹਰੇ ਕੀਤਾ ਹੈ। ਉਹ ਲੋਕ ਸਭਾ ਵਿੱਚ ਇਸ ਵੇਲੇ ਭਾਜਪਾ ਮੈਂਬਰ ਹੈ ਅਤੇ ਓਸੇ ਵਰਗੇ ਕੁਝ ਹੋਰ ਪਾਰਲੀਮੈਂਟ ਮੈਂਬਰ ਵੀ ਰਾਜਸਥਾਨ ਦੀ ਅਸੈਂਬਲੀ ਚੋਣ ਲਈ ਭਾਜਪਾ ਨੇ ਉਮੀਦਵਾਰ ਬਣਾਏ ਹਨ, ਜਿਹੜੇ ਸਾਰੇ ਹੀ ਵਸੁੰਧਰਾ ਰਾਜੇ ਦੇ ਵਿਰੋਧੀ ਹਨ। ਇਸ ਸਥਿਤੀ ਦੇ ਨਾਲ ਨਿਪਟਣ ਲਈ ਵਸੁੰਧਰਾ ਰਾਜੇ ਦੇ ਸਮੱਰਥਕਾਂ ਨੇ ਵੱਖ-ਵੱਖ ਹਲਕਿਆਂ ਵਿੱਚ ਆਜ਼ਾਦ ਉਮੀਦਵਾਰਾਂ ਵਜੋਂ ਮੈਦਾਨ ਵਿੱਚ ਆਉਣ ਦਾ ਐਲਾਨ ਇਸ ਤਰ੍ਹਾਂ ਕਰ ਦਿੱਤਾ ਹੈ ਕਿ ਜੇ ਨਰਿੰਦਰ ਮੋਦੀ ਧੜੇ ਨਾਲ ਕਿਸੇ ਤਰ੍ਹਾਂ ਵਸੁੰਧਰਾ ਰਾਜੇ ਦੇ ਧੜੇ ਦਾ ਸਮਝੌਤਾ ਵੀ ਹੋ ਗਿਆ ਤਾਂ ਮੋਦੀ ਧੜੇ ਦੇ ਉਮੀਦਵਾਰਾਂ ਨੂੰ ਇਹ ਆਜ਼ਾਦ ਖੜੋਤੇ ਵਸੁੰਧਰਾ ਸਮੱਰਥਕ ਜਿੱਤਣ ਨਹੀਂ ਦੇਣਗੇ। ਇਸ ਤੋਂ ਉਲਟ ਕਾਂਗਰਸ ਆਗੂ ਪੰਜ ਸਾਲ ਆਪੋ ਵਿੱਚ ਲੜਦੇ ਰਹੇ ਸਨ ਅਤੇ ਚੋਣਾਂ ਨੇੜੇ ਆਣ ਕੇ ਹਾਈ ਕਮਾਨ ਦੇ ਕਹਿਣ ਉੱਤੇ ਆਪਸੀ ਲੜਾਈ ਭੁਲਾ ਕੇ ਇੱਕੋ ਸੇਧ ਵਿੱਚ ਕੰਮ ਕਰਨ ਲਈ ਮੰਨ ਜਾਣ ਨਾਲ ਨਕਸ਼ਾ ਬਦਲਿਆ ਪਿਆ ਹੈ।

ਬਾਕੀ ਦੋ ਰਾਜ ਰਹਿੰਦੇ ਹਨ ਮੱਧ ਪ੍ਰਦੇਸ਼ ਤੇ ਛੱਤੀਸਗੜ੍ਹ। ਇਹ ਪਹਿਲਾਂ ਇੱਕੋ ਰਾਜ ਹੁੰਦੇ ਸਨ ਤੇ ਜਦੋਂ ਇਸ ਨੂੰ ਦੋ ਥਾਂਈਂ ਵੰਡਿਆ ਸੀ ਤਾਂ ਵੰਡ ਵਿੱਚ ਮਿਲੀਆਂ ਵਿਧਾਨ ਸਭਾ ਸੀਟਾਂ ਵਿੱਚੋਂ ਵੱਧ ਕਾਂਗਰਸ ਦੀਆਂ ਹੋਣ ਕਾਰਨ ਕਾਂਗਰਸ ਆਗੂ ਅਜੀਤ ਜੋਗੀ ਨੂੰ ਮੁੱਖ ਮੰਤਰੀ ਬਣਾਇਆ ਗਿਆ ਸੀ। ਉਹ ਕੰਮ ਦਾ ਆਗੂ ਸਾਬਤ ਨਹੀਂ ਸੀ ਹੋ ਸਕਿਆ ਤੇ ਫਿਰ ਅਗਲੀ ਚੋਣ ਵਿੱਚ ਭਾਜਪਾ ਦੀ ਜਿੱਤ ਨਾਲ ਡਾਕਟਰ ਰਮਨ ਸਿੰਘ ਮੁੱਖ ਮੰਤਰੀ ਬਣ ਕੇ ਏਨਾ ਕੁ ਕੰਮ ਕਰਦਾ ਰਿਹਾ ਕਿ ਲਗਾਤਾਰ ਤਿੰਨ ਵਾਰੀ ਇਸ ਰਾਜ ਦੀ ਕਮਾਨ ਓਸੇ ਦੇ ਹੱਥ ਰਹੀ ਸੀ। ਚੌਥੀ ਵਾਰੀ ਉਹ ਜਦੋਂ ਹਾਰਿਆ ਸੀ ਤਾਂ ਉਸ ਨੂੰ ਕਾਂਗਰਸ ਨੇ ਨਹੀਂ ਸੀ ਹਰਾਇਆ, ਭਾਜਪਾ ਦੀ ਕੇਂਦਰੀ ਲੀਡਰਸ਼ਿਪ ਵੀ ਸੋਚਦੀ ਸੀ ਕਿ ਜੇ ਲਗਾਤਾਰ ਚੌਥੀ ਵਾਰ ਜਿੱਤ ਜਾਵੇ ਤਾਂ ਅੱਖਾਂ ਵਿਖਾਉਣ ਲੱਗ ਜਾਵੇਗਾ। ਉਸ ਦੀ ਥਾਂ ਕਾਂਗਰਸ ਦਾ ਭੂਪੇਸ਼ ਬਘੇਲ ਮੁੱਖ ਮੰਤਰੀ ਬਣਿਆ ਤਾਂ ਜਿੰਨਾ ਕੰਮ ਡਾਕਟਰ ਰਮਨ ਸਿੰਘ ਵੱਲੋਂ ਕੀਤਾ ਹੋਣ ਕਾਰਨ ਲੋਕਾਂ ਵਿੱਚ ਚਰਚਾ ਦਾ ਵਿਸ਼ਾ ਸੀ, ਭੂਪੇਸ਼ ਬਘੇਲ ਨੇ ਉਸ ਤੋਂ ਵੀ ਵੱਧ ਕੰਮ ਕੀਤਾ ਅਤੇ ਇਸ ਵਕਤ ਆਮ ਰਿਪੋਰਟਾਂ ਹਨ ਕਿ ਉਸ ਦੇ ਕੰਮ ਸਦਕਾ ਕਾਂਗਰਸ ਜਿੱਤ ਸਕਦੀ ਹੈ। ਇਸ ਦੇ ਮੁਕਾਬਲੇ ਲਈ ਭਾਜਪਾ ਨੇ ਪਹਿਲਾਂ ਕੁਝ ਹੋਰ ਆਗੂ ਅੱਗੇ ਕੀਤੇ ਸਨ ਤੇ ਡਾਕਟਰ ਰਮਨ ਸਿੰਘ ਨੂੰ ਅਣਗੌਲਿਆ ਕੀਤਾ ਸੀ, ਪਰ ਜਦੋਂ ਵੇਖਿਆ ਕਿ ਉਸ ਦੇ ਬਿਨਾਂ ਗੱਲ ਨਹੀਂ ਬਣ ਸਕਣੀ ਤਾਂ ਟਿਕਟਾਂ ਵੰਡਣ ਦੇ ਆਖਰੀ ਪੜਾਅ ਵੇਲੇ ਉਸ ਨੂੰ ਬੁਲਾਉਣਾ ਪਿਆ ਸੀ। ਉਸ ਦੇ ਆਉਣ ਨਾਲ ਛੱਤੀਸਗੜ੍ਹ ਵਿੱਚ ਲੜਾਈ ਕੁਝ ਸਖਤ ਹੋਣ ਦੀ ਸੰਭਾਵਨਾ ਬਣ ਗਈ ਹੈ।

ਪੰਜਵਾਂ ਅਤੇ ਸਭ ਤੋਂ ਵੱਧ ਧਿਆਨ ਖਿੱਚਣ ਵਾਲਾ ਰਾਜ ਇਸ ਵੇਲੇ ਮੱਧ ਪ੍ਰਦੇਸ਼ ਹੈ, ਜਿੱਥੇ ਮੁੱਖ ਮੰਤਰੀ ਸ਼ਿਵਰਾਜ ਸਿੰਘ ਚੌਹਾਨ ਸਾਮ-ਦਾਮ-ਦੰਡ-ਭੇਦ ਵਰਤ ਕੇ ਪਿਛਲੇ ਦੋ ਦਹਾਕਿਆਂ ਤੋਂ ਰਾਜ ਕਰਦਾ ਆ ਰਿਹਾ ਹੈ। ਉਸ ਦੀ ਸਰਕਾਰ ਦੌਰਾਨ ਨੌਕਰੀਆਂ ਤੇ ਮੁੱਖ ਤਕਨੀਕੀ ਕੋਰਸਾਂ ਵਿੱਚ ਦਾਖਲਿਆਂ ਦਾ 'ਵਿਆਪਮ' ਵਾਲਾ ਮਹਾਂ-ਸਕੈਂਡਲ ਵਾਪਰਿਆ ਸੀ ਤਾਂ ਉਸ ਘੋਟਾਲੇ ਦੇ ਕੁਝ ਪੀੜਤਾਂ ਨੇ ਖੁਦਕੁਸ਼ੀਆਂ ਕੀਤੀਆਂ ਸਨ, ਕੁਝ ਗਵਾਹਾਂ ਦੇ ਕਤਲ ਹੋਏ ਸਨ ਅਤੇ ਸਾਰਾ ਭੇਦ ਖੁੱਲ੍ਹਣ ਦੇ ਡਰ ਕਾਰਨ ਕੁਝ ਦੋਸ਼ੀਆਂ ਦੇ ਵੀ ਫੜੇ ਜਾਣ ਤੋਂ ਪਹਿਲਾਂ ਕਤਲ ਕੀਤੇ ਜਾਣ ਦੀ ਚਰਚਾ ਚੱਲਦੀ ਰਹੀ ਸੀ। ਉਸ ਵਕਤ ਇਸ ਸਕੈਂਡਲ ਨੇ ਧਿਆਨ ਖਿੱਚਿਆ ਤਾਂ ਸੁਪਰੀਮ ਕੋਰਟ ਨੇ ਹੁਕਮ ਕੀਤਾ ਸੀ ਕਿ ਇਸ ਤੋਂ ਬਾਅਦ ਇਸ ਸਕੈਂਡਲ ਨਾਲ ਜੁੜੇ ਹੋਏ ਕਿਸੇ ਪੀੜਤ, ਕਿਸੇ ਗਵਾਹ ਜਾਂ ਦੋਸ਼ੀ ਦਾ ਕਤਲ ਹੋਣ ਦੀ ਨੌਬਤ ਨਹੀਂ ਆਉਣੀ ਚਾਹੀਦੀ ਤੇ ਫਿਰ ਕਤਲ ਹੋਣ ਦਾ ਸਿਲਸਿਲਾ ਰੁਕ ਗਿਆ ਸੀ। ਦੋਸ਼ਾਂ ਦੀ ਉਂਗਲ ਉਸ ਵਕਤ ਮੁੱਖ ਮੰਤਰੀ ਸ਼ਿਵਰਾਜ ਸਿੰਘ ਚੌਹਾਨ ਦੇ ਪਰਵਾਰ ਤੇ ਓਥੋਂ ਦੇ ਗਵਰਨਰ ਵੱਲ ਵੀ ਉੱਠਦੀ ਰਹੀ ਸੀ, ਪਰ ਜਦੋਂ ਮੁਕੱਦਮਾ ਚੱਲਿਆ ਤਾਂ ਛੋਟੀਆਂ ਮੱਛੀਆਂ ਨੂੰ ਫਸਾ ਕੇ ਅਸਲ ਮੁਜਰਮ ਬਚ ਗਏ ਜਾਂ ਬਚਾਅ ਲਏ ਸਨ। ਉਸ ਪਿੱਛੋਂ ਵੀ ਉਸ ਰਾਜ ਵਿੱਚ ਏਦਾਂ ਦੇ ਸਕੈਂਡਲਾਂ ਦੀ ਲੜੀ ਕਦੀ ਟੁੱਟੀ ਨਹੀਂ ਸੀ ਅਤੇ ਭ੍ਰਿਸ਼ਟਾਚਾਰ ਸਿਖਰਾਂ ਛੂੰਹਦਾ ਰਿਹਾ ਸੀ। ਅੱਜ ਸਥਿਤੀ ਇਹ ਹੈ ਕਿ ਵਿਰੋਧੀਆਂ ਨੇ ਤਾਂ ਕਹਿਣਾ ਹੀ ਹੈ, ਭਾਜਪਾ ਨਾਲ ਜੁੜੇ ਹੋਏ ਲੋਕ ਵੀ ਇਹ ਗੱਲ ਮੰਨਣ ਤੋਂ ਝਿਜਕਦੇ ਨਹੀਂ ਕਿ ਮੱਧ ਪ੍ਰਦੇਸ਼ ਬਚਾਇਆ ਨਹੀਂ ਜਾ ਸਕਣਾ। ਬਚਾਇਆ ਪਿਛਲੀ ਵਾਰੀ ਵੀ ਨਹੀਂ ਸੀ ਜਾ ਸਕਿਆ ਤੇ ਕਾਂਗਰਸ ਦੇ ਕਮਲ ਨਾਥ ਦੀ ਸਰਕਾਰ ਬਣੀ ਸੀ, ਪਰ ਭਾਜਪਾ ਨੇ ਓਥੇ ਵੀ ਕਰਨਾਟਕ ਅਤੇ ਮਹਾਰਾਸ਼ਟਰ ਵਾਂਗ ਰਾਜ ਕਰਦੀ ਧਿਰ ਦੇ ਵਿਧਾਇਕਾਂ ਵਿੱਚੋਂ ਕੁਝ ਆਪਣੇ ਵੱਲ ਖਿੱਚ ਕੇ ਸਰਕਾਰ ਡੇਗੀ ਤੇ ਆਪਣੀ ਸਰਕਾਰ ਬਣਾ ਕੇ ਫਿਰ ਸ਼ਿਵਰਾਜ ਸਿੰਘ ਚੌਹਾਨ ਨੂੰ ਮੁੱਖ ਮੰਤਰੀ ਬਣਾ ਲਿਆ ਸੀ। ਕਾਂਗਰਸ ਵਿੱਚੋਂ ਦਲਬਦਲੀ ਕਰ ਕੇ ਜਾਣ ਵਾਲਿਆਂ ਦੀ ਅਗਵਾਈ ਰਾਜੀਵ ਗਾਂਧੀ ਦੇ ਸਾਥੀ ਮਾਧਵ ਰਾਓ ਸਿੰਧੀਆ ਦੇ ਪੁੱਤਰ ਅਤੇ ਰਾਜਸਥਾਨ ਵਿਚਲੀ ਬੀਬੀ ਵਸੁੰਧਰਾ ਰਾਜੇ ਦੇ ਭਤੀਜੇ ਜਿਉਤਿਰਾਦਿੱਤਿਆ ਸਿੰਧੀਆ ਨੇ ਕੀਤੀ ਸੀ, ਜਿਸ ਖਾਤਰ ਉਸ ਨੂੰ ਕੇਂਦਰ ਸਰਕਾਰ ਦਾ ਮੰਤਰੀ ਬਣਾਇਆ ਗਿਆ ਸੀ, ਪਰ ਬਾਅਦ ਵਿੱਚ ਉਸ ਦੀ ਪੁੱਛਗਿੱਛ ਵੀ ਘਟ ਗਈ ਸੀ। ਉਸ ਦੇ ਸਾਥੀ ਵਿਧਾਇਕਾਂ ਦੀ ਵੀ ਜਦੋਂ ਕੋਈ ਪੁੱਛਗਿੱਛ ਨਹੀਂ ਰਹੀ ਤਾਂ ਉਹ ਸਾਰੇ ਇੱਕ-ਇੱਕ ਕਰ ਕੇ ਭਾਜਪਾ ਛੱਡਣ ਅਤੇ ਕਾਂਗਰਸ ਵਿੱਚ ਮੁੜਨ ਲੱਗੇ ਸਨ ਤੇ ਜਿਉਤਿਰਾਦਿੱਤਿਆ ਸਿੰਧੀਆ ਬੇਸ਼ੱਕ ਕੇਂਦਰੀ ਵਜ਼ੀਰੀ ਨੂੰ ਚਿੰਬੜਿਆ ਪਿਆ ਹੈ, ਉਸ ਦੇ ਸਾਥੀ ਵਿਧਾਇਕਾਂ ਵਿੱਚੋਂ ਇਸ ਵਕਤ ਥੋੜ੍ਹੇ ਜਿਹਿਆਂ ਨੂੰ ਛੱਡ ਕੇ ਬਾਕੀ ਸਭ ਮੋੜਾ ਪਾਈ ਜਾਂਦੇ ਹਨ। ਇਹੋ ਜਿਹੀ ਮਾਂਗਵੀਂ ਧਾੜ ਜਦੋਂ ਕਿਸੇ ਧਿਰ ਨਾਲ ਜੁੜਦੀ ਹੈ ਤਾਂ ਲੜਾਈ ਦਾ ਰੁਖ ਉਸ ਦੇ ਹੱਕ ਵਿੱਚ ਜਿਸ ਤਰ੍ਹਾਂ ਕਰਦੀ ਹੈ, ਜਦੋਂ ਅਚਾਨਕ ਛੱਡ ਕੇ ਪੁਰਾਣੇ ਸਾਥੀਆਂ ਦੀ ਢਾਣੀ ਵਿੱਚ ਜੁੜਨ ਤੁਰ ਪਵੇ ਤਾਂ ਜਿਸ ਪਾਰਟੀ ਨੇ ਉਨ੍ਹਾਂ ਨੂੰ ਹੱਸ ਕੇ

15-Oct-Sunday.qxd 10/14/2023 8:48 PM Page 4

ਕੁਦਰਤ ਨਾਲ ਸੰਵਾਦ, ਅੰਤਰ ਸੰਬੰਧ ਤੇ ਮੁਹੱਬਤ ਦਾ ਕੈਨਵਸ



ਮੂਕ-ਸੰਵਾਦ

(ਕਾਵਿ ਪੁਸਤਕ)
ਇੰਦਰਜੀਤ ਨੰਦਨ
ਪੰਨੇ-80, ਮੁੱਲ-250 ਰੁਪਏ
ਸੱਚਲ ਪ੍ਰਕਾਸ਼ਨ, ਅੰਮ੍ਰਿਤਸਰ

ਇੰਦਰਜੀਤ ਨੰਦਨ ਪੰਜਾਬੀ ਕਵਿਤਾ ਵਿੱਚ ਕਿਸੇ ਜਾਣ-ਪਹਿਚਾਣ ਦੀ ਮੁਹਤਾਜ ਨਹੀਂ ਹੈ। ਉਹ ਸਮਾਜ ਵਿੱਚ ਹੁੰਦੇ ਹਰ ਅਮਾਨਵੀ ਵਰਤਾਰੇ ਨੂੰ ਪੂਰੀ ਗੰਭੀਰਤਾ ਨਾਲ ਵੇਖਦੀ ਹੈ। ਉਹ ਆਪਣੇ ਮਨ ਦੇ ਹਾਵ-ਭਾਵ ਆਪਣੀਆਂ ਰਚਨਾਵਾਂ ਵਿੱਚ ਬੰਨ੍ਹਦੀ ਵੀ ਹੈ ਤੇ ਉਸ ਦੇ ਨਾਲ-ਨਾਲ ਸੋਸ਼ਲ ਮੀਡੀਆ 'ਤੇ ਵੀ ਹਰ ਮਾਨਵ ਵਿਰੋਧੀ ਘਟਨਾ ਬਾਰੇ ਆਪਣਾ ਪ੍ਰਤੀਕਰਮ ਵੀ ਦਿੰਦੀ ਹੈ। 'ਦਿਸਹੱਦਿਆਂ ਤੋਂ ਪਾਰ' ਕਾਵਿ ਸੰਗ੍ਰਹਿ ਰਾਹੀਂ ਉਹ ਕਵਿਤਾ ਦੇ ਖੇਤਰ ਵਿੱਚ ਸ਼ਾਮਲ ਹੋ ਜਾਂਦੀ ਹੈ। 'ਯਸੋਧਰਾ' ਲੰਬੀ ਕਵਿਤਾ ਲਿਖ ਕੇ ਉਹ ਆਪਣੀ ਪਹਿਚਾਣ ਬਣਾ ਲੈਂਦੀ ਹੈ। ਹੁਣ ਤੱਕ ਸਾਹਿਤ ਸਫ਼ਰ 'ਤੇ ਤੁਰਦਿਆਂ ਇੰਦਰਜੀਤ ਨੇ 5 ਕਾਵਿ ਪੁਸਤਕਾਂ ਅਤੇ ਜੋਗਿੰਦਰ ਬਾਹਰਲਾ ਦੀ ਜੀਵਨ ਗਾਥਾ (ਵਾਰਤਕ) ਪੁਸਤਕਾਂ ਦੀ ਸਿਰਜਣਾ ਕੀਤੀ ਹੈ। ਉਸ ਨੇ 'ਸ਼ਹੀਦ ਭਗਤ ਸਿੰਘ ਅਣਥੱਕ ਜੀਵਨ ਗਾਥਾ' ਮਹਾਂ ਕਾਵਿ ਵੀ ਲਿਖਿਆ ਤੇ ਪੰਜਾਬੀ ਬਾਲ ਸਾਹਿਤ ਨੂੰ ਪੰਜਾਬੀ ਕਾਵਿ ਨਾਟ ਦਾ ਭੀਸ਼ਮ ਪਿਤਾਮਾ ਪੁਸਤਕ ਵੀ ਦਿੱਤੀ। ਇੰਦਰਜੀਤ ਨੰਦਨ ਦੀ ਸਮਾਜ ਵਿਚਲੇ ਕਰੂਰਪਣ ਨੂੰ ਸੁਧਾਰਨ ਦੀ ਪ੍ਰਵਿਰਤੀ ਉਸ ਦੀ ਕਾਰਜਸ਼ੈਲੀ ਵਿੱਚੋਂ ਝਲਕਦੀ ਹੈ। ਉਹ ਮਨੁੱਖਤਾ ਪ੍ਰਤੀ ਸੁਹਿਰਦਤਾ ਨਾਲ ਸੋਚਦੀ ਹੈ ਅਤੇ ਕੁਦਰਤ ਨਾਲ ਅਥਾਹ ਮੋਹ ਵੀ ਰੱਖਦੀ ਹੈ। ਉਸ ਦੀ ਕਵਿਤਾ ਦੀ ਇਹ ਵੀ ਵਿਲੱਖਣਤਾ ਸਾਹਮਣੇ ਆਉਂਦੀ ਹੈ ਕਿ ਉਹ ਆਪਣੇ-ਆਪ ਨਾਲ, ਸਮਾਜ ਨਾਲ ਤੇ ਕੁਦਰਤ ਨਾਲ ਸੰਵਾਦ ਰਚਾਉਂਦੀ ਆਪਣੀ ਸਪੇਸ ਆਪ ਗ੍ਰਹਿਣ ਕਰਦੀ ਹੈ। ਉਸ ਦੀ ਨਵੀਂ ਕਾਵਿ ਪੁਸਤਕ "ਮੂਕ ਸੰਵਾਦ" ਵਿੱਚੋਂ ਗੁਜ਼ਰਦਿਆਂ ਚੁੱਪ ਅੰਦਰ ਤੈਰਦੀ ਆਵਾਜ਼ ਆਪਣੀ ਉਡਾਣ ਭਰਦੀ ਹੈ। ਕੁਦਰਤ ਪ੍ਰਤੀ ਮੋਹ ਦੀਆਂ ਵਿਭਿੰਨ ਸੁਰਾਂ ਇੱਕ ਸੰਗੀਤਮਈ ਮੰਡਲ ਦਾ ਅਹਿਸਾਸ ਕਰਵਾਉਂਦੀਆਂ ਹਨ। ਕਵਿਤਾ ਦੀ ਕੇਂਦਰੀ ਧੁਨੀ ਕੁਦਰਤ ਨਾਲ ਇੱਕਮਿਕ ਹੋ ਕੇ ਕੁਦਰਤੀ ਕੈਨਵਸ ਅੰਦਰ ਆਨੰਦਿਤ ਹੁੰਦੀ ਹੈ।

ਖਾਮੋਸ਼ ਹਾਂ
ਵਿਸਮਾਦ 'ਚ ਹਾਂ
ਕੁਦਰਤ ਨਾਲ
ਮੂਕ-ਸੰਵਾਦ 'ਚ ਹਾਂ

ਇੰਦਰਜੀਤ ਦੀ ਗਹਿਰੀ ਸੰਵੇਦਨਾ ਕੁਦਰਤ ਦੀ ਜ਼ੁਬਾਨ ਸਮਝਦੀ ਹੈ ਕਿ ਅਬੋਲ ਸ਼ਬਦਾਂ ਅੰਦਰ ਵੀ ਬੋਲ ਹੁੰਦੇ ਹਨ। ਉਸ ਦੀ ਸੋਝੀ ਤੇ ਸਮਝ ਚੌਗਿਰਦੇ ਵਿਚ ਹਾਜ਼ਰ-ਨਾਜ਼ਰ ਹੋ ਕੇ ਕੁਦਰਤੀ ਵਰਤਾਰਿਆਂ ਨੂੰ ਆਪਣੇ ਭਾਵਾਂ, ਸੁਪਨਿਆਂ, ਸੰਭਾਵਨਾਵਾਂ ਅਤੇ ਸਮਰਥਾਵਾਂ ਵਿੱਚ ਹੋਂਦ ਦਾ ਅਹਿਸਾਸ ਕਰਵਾਉਂਦੀ ਹੈ। ਕੁਦਰਤ ਦੀ ਸੂਖ਼ਮਤਾ ਨੂੰ ਸਮਝਦੀ ਕਵੀ ਇਸ ਦੀਆਂ ਤਹਿਆਂ ਫਰੋਲਣ ਪ੍ਰਤੀ ਰੁਚਿਤ ਹੈ। ਚੁੱਪ ਦੀ ਭਾਸ਼ਾ ਸਮਝਣਾ ਮਨੁੱਖੀ ਅਨੁਭਵ ਅੰਦਰਲੀ ਸੰਜੀਦਗੀ, ਪੁਖਤਗੀ ਅਤੇ ਪ੍ਰਵਿਰਤੀ 'ਤੇ ਨਿਰਭਰ ਹੈ। ਕੁਦਰਤ ਦੀ ਜ਼ੁਬਾਨ ਜ਼ਹੀਨ, ਸੂਖ਼ਮ ਅਤੇ ਸਮਝਦਾਰ ਮਨੁੱਖ ਨੂੰ ਸਮਝ ਆਉਂਦੀ ਹੈ। ਅਜਿਹੇ ਲੋਕ ਹੀ ਚੁੱਪ ਅੰਦਰਲੀ ਆਵਾਜ਼ ਨੂੰ ਸ਼ਬਦਾਂ, ਸੰਵਾਦ, ਕਾਵਿ-ਕਿਰਤਾਂ ਜਾਂ ਕਲਾ-ਕਿਰਤੀਆਂ ਰਾਹੀਂ ਅਭਿਵਿਅਕਤ ਕਰਦੇ ਹਨ। ਕੁਦਰਤ ਦੀ ਸੁੰਦਰਤਾ ਮਨੁੱਖ ਨੂੰ ਆਪਣੇ ਵੱਲ ਖਿੱਚਦੀ ਹੈ। ਇਹ ਮਨੁੱਖ ਨੂੰ ਅੰਦਰੋਂ ਖੁਸ਼ੀ ਦਿੰਦੀ ਹੈ। ਇੰਦਰਜੀਤ ਨੰਦਨ ਇਸ ਅਹਿਸਾਸ ਨੂੰ ਸਮਝਦੀ ਹੈ, ਇਸ ਲਈ ਉਹ ਆਪਣੀ ਕਵਿਤਾ ਵਿਚ ਕੁਦਰਤ ਦਾ ਮਨੁੱਖ ਦੇ ਨਾਲ ਗਹਿਰੇ ਸੰਬੰਧ ਉਲੀਕਦੀ ਹੈ। ਕੁਦਰਤ ਤੇ ਮਨੁੱਖ ਦਾ ਆਪਸ ਵਿੱਚ ਦਵੰਦਾਤਮਕ ਰਿਸ਼ਤਾ ਹੈ ਤੇ ਇਹੀ ਰਿਸ਼ਤਾ ਮਨੁੱਖੀ ਵਿਕਾਸ ਦਾ ਮੁੱਢ ਬਣਿਆ। ਸਾਡੀ ਕਵੀ ਦੀ ਚਿੰਤਾ ਇਹ ਹੈ ਕਿ ਅੱਜ ਮਨੁੱਖ ਇਸ ਰਿਸ਼ਤੇ ਨੂੰ ਅਣਗੌਲਿਆਂ ਕਰਕੇ ਸਿਰਫ ਆਪਣੇ ਹਿੱਤ ਲਈ ਕੁਦਰਤ ਦੀ ਬੇਪਤੀ ਕਰ ਰਿਹਾ ਹੈ।

ਪਾਣੀ ਤੇ ਹੋਂਦ
ਮਿੱਟੀ ਤੇ ਰਿਜਕ
ਹਵਾ ਤੇ ਸਾਹ
ਮਾਨਵ ਕੱਦ ਪਾਏਗਾ
ਏਨੀ ਗੱਲ ਦੀ ਥਾਹ..... ?

ਕਵਿਤਾ ਇੰਦਰਜੀਤ ਦੇ ਆਲੇ-ਦੁਆਲੇ ਚੌਗਿਰਦੇ ਵਿਚ ਹਾਜ਼ਰ-ਨਾਜ਼ਰ ਹੈ। ਕੁਦਰਤੀ ਦ੍ਰਿਸ਼ਾਂ ਅੰਦਰ ਪਨਪਦੀਆਂ ਤਰੰਗਾਂ ਉਸ ਦੇ ਮਨ-ਮਸਤਕ 'ਤੇ ਹਰਦਮ ਦਸਤਕ ਦਿੰਦੀਆਂ ਉਹ ਇਸ ਨੂੰ ਸੁਣਦੀ ਹੈ ਅਣਗੌਲਿਆਂ ਨਹੀਂ ਕਰਦੀ। ਉਸ ਨੂੰ ਕੁਦਰਤ ਨਾਲ ਕੀਤਾ ਜਾ ਰਿਹਾ ਖਿਲਵਾੜ ਅੰਦਰੋਂ ਤੰਗ ਕਰਦਾ ਹੈ। ਚੌਗਿਰਦੇ ਵਿਚ ਕੁਦਰਤ ਦੇ ਵੱਖੋ-ਵੱਖਰੇ ਰੂਪਾਂ ਨੂੰ ਮਾਨਣ ਦਾ ਰੁਝਾਨ ਏਸੇ ਮੁਨਾਫਾ ਕੇਂਦਰਿਤ ਪ੍ਰਬੰਧ ਨੇ ਨੋਚ ਲਿਆ ਹੈ। ਇਹ ਅਜੋਕੇ ਸਮੇਂ ਦਾ ਸੱਚ ਹੈ, ਪਰ ਨਾਰੀ ਕਵੀ ਕੁਦਰਤ ਦੇ ਮੋਹ ਨੂੰ ਬਰਕਰਾਰ ਰੱਖਦੀ। ਉਹ ਮਹਿਸੂਸਦੀ ਹੈ ਕਿ ਸਰਘੀ ਵੇਲੇ ਪੂਰਬ ਦੀ ਲਾਲੀ ਵਿੱਚੋਂ ਸੂਹੀਆਂ ਕਿਰਨਾਂ ਤੇ ਪੰਛੀਆਂ ਦੀ ਚਹਿਕਣੀ ਵਿੱਚ ਸ਼ਬਦ ਜਨਮ ਲੈਂਦੇ ਨੇ। ਬਿਰਖ ਕਵਿਤਾ ਨੂੰ ਉਤਾਰਦਾ ਹੈ। ਇੰਦਰਜੀਤ ਨੂੰ ਕੁਦਰਤ ਨਾਲ ਮੁਹੱਬਤ ਵੀ ਸ਼ਬਦਾਂ ਦੀ ਸੁਗਾਤ ਅਤੇ ਅਰਥਾਂ ਦੀ ਨਿਆਮਤ ਦਿੰਦੀ। ਕੁਦਰਤ ਨਾਲ ਮੂਕ ਸੰਵਾਦ ਕਰਨ ਲਈ ਯੋਗ ਸਮਰੱਥਾ, ਸੂਖ਼ਮਤਾ ਅਤੇ ਸਿਆਣਪ ਦੀ ਲੋੜ ਹੈ। ਇਹ ਕਵਿਤਾ ਕੁਦਰਤ ਨੂੰ ਮਾਨਣ ਦਾ ਜਾਗ ਲਾ ਜਾਂਦੀ, ਜੋ ਨਵੇਂ ਫੁਰਨਿਆਂ ਅਤੇ ਸੂਖ਼ਮ ਸੁਨੇਹਿਆਂ ਅੰਦਰ ਕੁੱਝ ਗਹਿਰਾ ਛੁਪਿਆ ਹੁੰਦਾ ਹੈ। ਜਾਮਣ-1, ਜਾਮਣ-2, ਜਾਮਣ-3 ਕਵਿਤਾਵਾਂ ਵਿਚਲੇ ਮਧੁਮੱਖੀਆਂ ਦਾ ਸੰਗੀਤ, ਪੰਛੀਆਂ ਦੇ ਗੀਤ ਤੇ ਪੱਤਿਆਂ ਦੀ ਛਣ-ਛਣ ਵਿਚਲੀ ਭਾਸ਼ਾ ਦੇ ਅਰਥਾਂ ਤੋਂ ਵਿਹੂਣੇ ਲੋਕ ਕੁਦਰਤ ਦੇ ਮੁਹੱਬਤ ਦੀ ਗਹਿਰਾਈ ਨਹੀਂ ਪਾ ਸਕਦੇ। ਇੰਦਰਜੀਤ ਅਜਿਹੀ ਰਮਜ਼ ਨੂੰ ਪਹਿਚਾਣਦੀ ਹੋਈ ਕੁਦਰਤ ਵਿੱਚੋਂ ਹੀ ਕਵਿਤਾ ਨੂੰ ਲੱਭ ਲੈਂਦੀ ਹੈ।

ਕਈ ਵਾਰ ਮੈਂ
ਕਮਰੇ ਦੀ ਖੁੱਲ੍ਹੀ ਖਿੜਕੀ ਕੋਲ
ਜਾਮਣ ਦੇ ਰੁੱਖ ਹੇਠ
ਕਵਿਤਾ ਲਿਖਣ ਲੱਗਦੀ ਹਾਂ
ਤਾਂ ਅਨੇਕਾਂ ਪੰਛੀ
ਆਪਣਾ ਗੀਤ ਗਾਉਣ ਲੱਗਦੇ ਹਨ
ਮੈਂ ਉਨ੍ਹਾਂ ਦਾ ਗੀਤ ਸੁਣਦੀ ਸੁਣਦੀ
ਆਪਣੀ ਕਵਿਤਾ ਭੁੱਲ ਜਾਂਦੀ ਹਾਂ....

ਮਨੁੱਖ ਦੀ ਇਹ ਫਿਤਰਤ ਹੈ ਉਹ ਜ਼ਿੰਦਗੀ ਵਿੱਚ ਸ਼ਾਂਤੀ ਤੇ ਖੁਸ਼ੀ ਭਾਲਣ ਦੇ ਲਈ ਕਈ ਤਰ੍ਹਾਂ ਦੇ ਪਾਪੜ ਵੇਲਦਾ ਹੈ। ਉਸੇ ਤਰ੍ਹਾਂ ਇੰਦਰਜੀਤ ਨੰਦਨ ਨੂੰ ਜੋ ਸ਼ਾਂਤੀ ਤੇ ਖੁਸ਼ੀ ਕੁਦਰਤ ਨਾਲ ਇੱਕਮਿਕ ਹੋ ਕੇ ਮਿਲਦੀ ਹੈ, ਉਹ ਕਿਧਰੇ ਹੋਰ ਨਹੀਂ। ਇਸ ਖੁਸ਼ੀ ਤੇ ਸ਼ਾਂਤੀ ਦਾ ਬੰਧਨ ਮੁਹੱਬਤ ਨਾਲ ਜੁੜਿਆ ਹੋਇਆ ਹੈ। ਅਜਿਹੀ ਮੁਹੱਬਤ ਨੂੰ ਭਾਲਦਿਆਂ ਸਵੈ-ਇੱਛਤ ਯਥਾਰਥ ਦੀ ਲੋਚਾ ਵਿਚ ਨਾਰੀ ਕਵੀ ਵੱਖ-ਵੱਖ ਰੁੱਤਾਂ ਰਾਹੀਂ ਸ਼ਿਕਵੇ, ਗਿਲੇ, ਵਿਸ਼ਵਾਸ, ਧਰਵਾਸ, ਮਿਲਾਪ, ਵਿਯੋਗ ਦੇ ਅਹਿਸਾਸਾਂ ਨੂੰ ਮਾਪਦੀ ਹੈ। ਇਸ ਕਵਿਤਾ ਦੀ ਖੂਬੀ ਇਹ ਹੈ ਕਿ ਕੁਦਰਤ ਦੇ ਜੋਬਨ ਦਾ ਰੰਗ ਨਾਰੀ ਕਵੀ ਆਪਣੇ ਜ਼ਿੰਦਗੀ ਵਿੱਚ ਵੀ ਘੁਲਦਾ ਦੇਖਣਾ ਚਾਹੁੰਦੀ ਹੈ। ਉਸ ਨੂੰ ਉਦਾਸ ਮੌਸਮ ਬੜੇ ਕੜਵੇਂ ਲੱਗਦੇ ਹਨ ਤੇ ਉਹ ਮਾਨਵ ਲਈ ਨਰੋਏ ਮੌਸਮਾਂ ਦੀ ਤਾਂਘ ਦਿਲ ਵਿਚ ਪਾਲਦੀ ਹੈ। ਅਜਿਹੀ ਮਾਨਵਵਾਦੀ ਸੋਚ ਦੇ ਧਾਰਨੀ ਕਵੀ ਮਨੁੱਖ ਦੀ ਜ਼ਿੰਦਗੀ ਦੇ ਵਿੱਚ ਆਸ ਬੀਜਦੇ ਹਨ। ਇਸ ਕਵਿਤਾ ਵਿਚਲਾ ਪਾਤਰ ਵੀ ਤੂੰ-ਤੂੰ, ਮੈਂ-ਮੈਂ ਦੀਆਂ ਲਕੀਰਾਂ ਮੇਟਦਾ ਹੋਇਆ ਪਗਡੰਡੀਆਂ 'ਤੇ ਸਦਾਬਹਾਰੀ ਫੁੱਲ ਬੀਜਣ ਦਾ ਅਹਿਦ ਕਰਦਾ ਹੈ।

ਬਹਾਰ ਦਾ ਸਾਰਾ ਜੋਬਣ
ਨਾਖਾਂ ਤੇ ਆੜੂਆਂ ਦੇ
ਫੁੱਲਾਂ 'ਤੇ ਚੜ੍ਹ ਆਇਆ ਹੈ
ਚਿੱਟੇ, ਗੁਲਾਬੀ ਫੁੱਲਾਂ ਦੀ ਮਹਿਕ
ਤੇਰੇ ਮੇਰੇ ਸਾਹਾਂ 'ਚ ਵੀ
ਘੁਲ ਗਈ ਏ
ਆ ਚੱਲ ਆਪਣੀ ਜ਼ਿੰਦਗੀ ਨੂੰ
ਸਦਾ ਲਈ ਬਹਾਰ ਦੇ
ਹਵਾਲੇ ਕਰ ਦਈਏ
ਕਿਉਂਕਿ ਮੈਨੂੰ
ਪਤਝੜਾਂ ਦਾ ਮੌਸਮ
ਪਸੰਦ ਨਹੀਂ.....

ਇਸ ਕਵਿਤਾ ਵਿੱਚ ਇਹ ਅਹਿਮ ਨੁਕਤਾ ਵੀ ਉੱਭਰਦਾ ਹੈ ਕਿ ਨਾਰੀ ਕਵੀ ਰੁੱਤਾਂ ਦੇ ਅਦਲ-ਬਦਲ ਵਿੱਚੋਂ ਜੀਵਨ ਦੇ ਕਈ ਰੰਗ ਵੇਖਦੀ ਹੈ। ਕਵਿਤਾ ਵਿਚਲੇ ਪਾਤਰ ਨੂੰ ਬਸੰਤ ਰੁੱਤ ਸਾਰੀਆਂ ਰੁੱਤਾਂ ਤੋਂ ਵੱਧ ਭਾਉਂਦੀ ਹੈ, ਕਿਉਂਕਿ ਬਨਸਪਤੀ ਆਪਣਾ ਖੁਸ਼ੀ ਭਰਿਆ ਮੁਹਾਂਦਰਾ ਹਰੀਆਂ ਕਚੂਰਲਾ ਤੇ ਰੰਗ-ਬਰੰਗੇ ਫੁੱਲਾਂ ਰਾਹੀਂ ਪ੍ਰਗਟ ਕਰਦੀ ਹੈ। ਕਵੀ ਪਲਾਸ ਦੇ ਫੁੱਲ, ਚੀਲ ਨਾਲ ਲਟਕਦੇ ਲਾਲ ਗੁੱਛੇ, ਗੁਲਮੋਹਰ, ਨਿੱਕੀ ਲਾਲ ਕਲੀ, ਬਰਾਂਸ ਦੇ ਫੁੱਲਾਂ ਦੇ ਸੂਹੇ ਰੰਗ ਅੰਦਰ ਚੜ੍ਹਦੀ ਸਵੇਰ ਦਾ ਮੁਖੜਾ ਦੇਖਦੀ ਹੈ, ਜੋ ਨਵੇਂ ਰਾਹ ਦਾ ਪੈਗਾਮ ਬਣਦਾ ਹੈ। ਇਹ ਕਵਿਤਾ ਦੀ ਖਾਸੀਅਤ ਇਸ ਪੱਖੋਂ ਵੀ ਸਾਹਮਣੇ ਆਉਂਦੀ ਹੈ ਕਿ ਪ੍ਰਕਿਰਤੀ ਦੇ ਸਹਾਰੇ ਨਾਰੀ ਕਵੀ ਮਾਨਵੀ ਜ਼ਿੰਦਗੀ ਦੀਆਂ ਕਈ ਨੁੱਕਰਾਂ ਨੂੰ ਪਛਾਨਣ ਦਾ ਯਤਨ ਕਰਦੀ ਹੈ। 'ਮਾਂ ਦੇ ਫਿਕਰ-ਪੰਜ ਕਵਿਤਾਵਾਂ', 'ਸੂਹੇ ਫੁੱਲ- ਪੰਜ ਕਵਿਤਾਵਾਂ', 'ਸੂਰਜ ਦੇ ਰੰਗ-ਤਿੰਨ ਕਵਿਤਾਵਾਂ', 'ਰਿਸ਼ੀ ਦੇ ਬੋਲ-ਚਾਰ ਕਵਿਤਾਵਾਂ' ਵਿੱਚ ਕਵੀ ਦੀ ਪਰਬਤ, ਬਰਫ, ਅੰਬਰ, ਬੱਦਲ, ਧੁੱਪ, ਝੀਲ, ਮਿੱਟੀ ਤੇ ਝਰਨਿਆਂ ਨਾਲ ਨੇੜਤਾ ਅਤੇ ਪ੍ਰਤੱਖ ਅਭੇਦਤਾ ਕਈ ਕੋਨਾਂ ਤੋਂ ਵੇਖੀ ਜਾ ਸਕਦੀ ਹੈ। ਕੁਦਰਤ ਦੀ ਇਹ ਸੁੰਦਰਤਾ ਮਨੁੱਖ ਨੂੰ ਆਪਣੇ ਵੱਲ ਖਿੱਚਦੀ ਹੈ। ਗੁਰਬਾਣੀ ਵਿੱਚ ਵੀ ਲਿਖਿਆ ਮਿਲਦਾ ਹੈ 'ਬਲਿਹਾਰੀ ਕੁਦਰਤ ਵਸਿਆ'। ਕਵਿਤਾ ਨੂੰ ਪੜ੍ਹਦਿਆਂ ਇਸ ਤਰ੍ਹਾਂ ਲੱਗਦਾ ਹੈ, ਜਿਵੇਂ ਇੰਦਰਜੀਤ ਹਰ ਫੁੱਲ, ਹਰ ਫਲ ਤੇ ਹਰ ਬੂਟੇ ਦੀ ਰਮਜ਼ ਪਛਾਣਦੀ ਹੋਈ ਉਸ ਨਾਲ ਗਹਿਰੀ ਸੰਵੇਦਨਾ ਪਾਲ ਲੈਂਦੀ ਹੈ। ਲੁਗਾਠ, ਅਮਲਤਾਸ, ਆਲੂਬੁਖਾਰੇ ਦੇ ਫੁੱਲ, ਇਲਾਇਚੀ, ਕੁਆਰ-ਗੰਦਲ, ਨਾਖਾਂ ਦੇ ਫੁੱਲ ਆਦਿ ਦੇ ਜੀਵਨ ਅੰਦਰਲੀ ਕੋਮਲਤਾ ਨੂੰ ਮਾਣਦੀ ਕਵੀ ਰੁੱਖ ਦੇ ਠਰ੍ਹੰਮੇ ਤੇ ਸਹਿਜਤਾ ਨੂੰ ਵੀ ਨੇੜਿਓਂ ਤੱਕਦੀ ਹੈ। ਬੀਜ ਤੋਂ ਫੁੱਲ ਬਣਨ ਤੱਕ ਦਾ ਸਫਰ ਉਸ ਨੂੰ ਜਿੱਥੇ ਪ੍ਰਕਿਰਤੀ ਦੇ ਵਿਕਾਸ ਦੀ ਝਲਕ ਪੇਸ਼ ਕਰਦਾ ਹੈ, ਉਸੇ ਤਰ੍ਹਾਂ ਹੀ ਸਮਾਜ ਦੇ ਵਿਕਾਸ ਨੂੰ ਵੀ ਇਤਿਹਾਸ ਤੋਂ ਬੇਮੁਖ ਹੋ ਕੇ ਨਹੀਂ ਵੇਖਿਆ ਜਾ ਸਕਦਾ। ਕਵਿਤਾ ਵਿਚਲਾ ਪਾਤਰ ਰੁੱਖ ਦੇ ਤਿਆਗ ਤੇ ਮਾਂ ਦੇ ਤਿਆਗ ਨੂੰ ਸਮਾਨ ਅੰਤਰ ਰੱਖ ਕੇ ਦੇਖਦਾ ਹੈ। ਕੋਇਲ, ਬੁਲਬੁਲ ਤੇ ਹੋਰ ਪਰਿੰਦੇ ਅਤੇ ਬਿਰਖ਼ ਦੇ ਪੱਤਿਆਂ ਦਾ ਸੁਰਤਾਲ ਹੀ ਬਿਰਖ਼ ਨੂੰ ਜਿਊਣਜੋਗਾ ਕਰਦਾ। ਅਜਿਹੀ ਫ਼ਿਜ਼ਾ ਦੀ ਪੈਦਾ ਹੋਈ ਕਵਿਤਾ ਕਵੀ ਨੂੰ ਸਕੂਨ ਦਿੰਦੀ ਹੋਈ ਜੀਵਨ ਜਿਊਣ ਦਾ ਹੌਸਲਾ ਪ੍ਰਦਾਨ ਕਰਦੀ ਹੈ। ਧੁੰਦ ਦੀ ਸੰਘਣਤਾ, ਕੋਹਰੇ ਦੀ ਸਰਦ, ਬਾਰਿਸ਼ ਦੀ ਪੁਛਾੜ, ਪਰਬਤ ਦੀ ਵਿਸ਼ਾਲਤਾ, ਪਾਣੀ ਦੀ ਨਿਰਮਲਤਾ, ਪੌਣਾਂ ਦੀ ਸਰਗਮ ਤੇ ਬਰਫ ਦੀ ਜੜ੍ਹਤਾ, ਕੁਦਰਤ ਦਾ ਹੁਨਰ, ਤਰੇਲ ਨਾਲ ਦੋਸਤੀ, ਸਿਮਰਤੀਆਂ ਦੇ ਝਾਉਲੇ, ਹਲਟ, ਟਿੰਡਾਂ ਆਦਿ ਅਨੇਕਾਂ ਕੁਦਰਤ ਦੇ ਅੰਸ਼ਾਂ ਨੂੰ ਇਸ ਕਵਿਤਾ ਨੇ ਬਾਖੂਬੀ ਦੇ ਨਾਲ ਚਿਤਰਮਾਨ ਕੀਤਾ ਹੈ। ਇਸ ਕਵਿਤਾ ਵਿੱਚੋਂ ਲੰਘਦਿਆਂ ਪਾਠਕ ਕੁਦਰਤ ਦੇ ਨੇੜੇ ਹੋ ਜਾਂਦਾ ਹੈ ਤੇ ਕੁਦਰਤ ਦੇ ਵਿਸ਼ਾਲਤਾ ਅਤੇ ਅਮਰਤਾ ਨੂੰ ਮਾਣਦਾ ਹੈ। ਇਸ ਕਵਿਤਾ ਦਾ ਪਾਤਰ ਕੁਦਰਤ ਦੇ ਜੀਵਨ-ਜਾਚ ਤੋਂ ਜਿਉਣਾ ਸਿੱਖਣ ਲਈ ਤੱਤਪਰ ਹੈ।

ਫੁੱਲ ਦੀ ਖੂਬਸੂਰਤੀ
ਖੁਸ਼ਬੂ 'ਚ ਬਾਵਰੇ
ਹੋਣ ਦਾ ਅਹਿਸਾਸ
ਨਦੀ ਦੇ ਤਲ ਤੋਂ
ਇੱਕ ਬੂੰਦ ਪੀ ਲੈਣਾ
ਕਿਸੇ ਬਿਰਖ ਦੇ ਪੱਤੇ ਤੋਂ
ਜੀਵਨ ਜਾਚ ਪੁੱਛਣਾ
ਏਨੀ ਸੂਖਮਤਾ ਸੰਗ ਜਿਉਣਾ
ਕਦੇ ਨਾ ਆਇਆ....

ਕਵਿਤਾ ਚੰਦ, ਸੂਰਜ, ਹਵਾ ਦੇ ਨਾਲ ਵੀ ਸੰਵਾਦ ਰਚਾਉਂਦੀ ਆਪਣੀ ਹੋਂਦ ਦਾ ਵੀ ਅਹਿਸਾਸ ਕਰਦੀ ਹੈ। ਅੱਜ ਇਸ ਪੁਸਤਕ ਦੀ ਸਾਰਥਿਕਤਾ ਹੋਰ ਵੀ ਵਧ ਜਾਂਦੀ ਹੈ, ਜਦੋਂ ਕਾਰਪੋਰੇਟੀ ਪ੍ਰਬੰਧ ਨੇ ਕੁਦਰਤੀ ਸਾਧਨਾਂ ਨੂੰ ਆਪਣੇ ਮੁਨਾਫੇ ਹਿੱਤ ਲਈ ਵਰਤਦਿਆਂ ਇਹਨਾਂ ਦੀ ਕਾਫੀ ਲੁੱਟ-ਖਸੁੱਟ ਕੀਤੀ ਹੈ। ਮਨੁੱਖ ਦਾ ਕੁਦਰਤ ਨੂੰ ਟਿੱਚ ਜਾਨਣ ਦੇ ਰਵੱਈਏ ਕਰਕੇ ਜੰਗਲਾਂ ਦੀ

● ਬਾਕੀ ਆਖਰੀ ਤੋਂ ਪਹਿਲੇ ਸਫ਼ੇ 'ਤੇ

ਜ਼ਿੰਦਗੀ ਦੀ ਦਾਰਸ਼ਨਿਕ ਪੇਸ਼ਕਾਰੀ

ਦ੍ਰਿਸ਼ਟੀਕੋਣ

ਅਮਰਜੀਤ ਬਰਾੜ
ਪੰਨੇ-96, ਮੁੱਲ-120 ਰੁਪਏ
ਪੰਜ ਆਬ ਪ੍ਰਕਾਸ਼ਨ, ਜਲੰਧਰ

ਅਮਰਜੀਤ ਬਰਾੜ ਪੰਜਾਬੀ ਦਾ ਖੋਜੀ ਨਿਬੰਧਕਾਰ ਹੈ। ਉਹ ਜ਼ਿੰਦਗੀ ਪ੍ਰਤੀ ਚਿੰਤਨਸ਼ੀਲ ਹੈ। ਅਖਬਾਰਾਂ ਵਿਚ ਉਸ ਦੇ ਨਿਬੰਧ ਅਕਸਰ ਜ਼ਿੰਦਗੀ ਦੇ ਵਿਭਿੰਨ ਸਰੋਕਾਰਾਂ ਨਾਲ ਜੁੜੇ ਹੁੰਦੇ ਹਨ। ਵਰਤਮਾਨ ਵਿਚ ਅਮਰਜੀਤ ਬਰਾੜ ਨਿਬੰਧਕਾਰੀ ਦਾ ਉਸਤਾਦ ਹੈ। ਇਸ ਸੰਗ੍ਰਹਿ ਵਿਚ ਉਸ ਦੇ 24 ਬਿਹਤਰੀਨ ਨਿਬੰਧ ਹਨ। ਸਾਰੇ ਨਿਬੰਧਾਂ ਦੀ ਸ਼ੈਲੀ ਬਾਕਮਾਲ ਹੈ, ਕਿਉਂਕਿ ਉਸ ਦੀ ਲਿਖਣ ਸ਼ੈਲੀ ਵਿਚ ਜ਼ਿੰਦਗੀ ਨਾਲ ਜੁੜੀਆਂ ਕਈ ਅਟੱਲ ਸਚਾਈਆਂ ਵਰਗੇ ਵਾਕਾਂ ਦੀ ਭਰਮਾਰ ਹੈ। ਕਿਤਾਬ ਪੜ੍ਹਦੇ ਜਾਈਏ ਤਾਂ ਅੰਦਰ ਚਾਨਣ ਹੁੰਦਾ ਜਾਂਦਾ ਹੈ। ਜੇ ਵਾਰਤਕ ਦੀ ਇਸ ਕਿਤਾਬ ਨੂੰ ਗਿਆਨ ਦਾ ਸੋਮਾ ਕਹਿ ਲਿਆ ਜਾਵੇ ਤਾਂ ਕੋਈ ਅਤਕਥਨੀ ਨਹੀਂ। ਸਰਲ ਸ਼ਬਦਾਵਲੀ ਵਿਚ ਆਮ ਬੰਦਾ ਵੀ ਸਮਝ ਸਕਦਾ ਹੈ। ਲੇਖਕ ਦੇ ਜ਼ਿੰਦਗੀ ਪ੍ਰਤੀ ਦ੍ਰਿਸ਼ਟੀਕੋਣ ਤੋਂ ਭਲੀਭਾਂਤ ਜਾਣ ਸ

15-Oct-Sunday.qxd 10/14/2023 8:49 PM Page 6

29ਵਾਂ ਅੰਤਰਰਾਜੀ ਮਿੰਨੀ ਕਹਾਣੀ ਸਮਾਗਮ

ਅੰਮ੍ਰਿਤਸਰ : ਮਿੰਨੀ ਕਹਾਣੀ ਲੇਖਕ ਮੰਚ (ਰਜਿ.) ਅਤੇ ਲੋਕ ਮੰਚ ਪੰਜਾਬ ਵੱਲੋਂ ਆਲ ਇੰਡੀਆ ਪਿੰਗਲਵਾੜਾ ਚੈਰੀਟੇਬਲ ਸੁਸਾਇਟੀ (ਰਜਿ.) ਅਤੇ ਤ੍ਰੈਮਾਸਿਕ 'ਮਿੰਨੀ' ਦੇ ਸਹਿਯੋਗ ਨਾਲ 29ਵਾਂ ਅੰਤਰਰਾਜੀ ਮਿੰਨੀ ਕਹਾਣੀ ਸਮਾਗਮ ਮਾਤਾ ਮਹਿਤਾਬ ਕੌਰ ਹਾਲ, ਮਾਨਾਂਵਾਲਾ ਬ੍ਰਾਂਚ, ਭਗਤ ਪੂਰਨ ਸਿੰਘ ਪਿੰਗਲਵਾੜਾ (ਅੰਮ੍ਰਿਤਸਰ) ਵਿਖੇ ਕਰਵਾਇਆ ਗਿਆ, ਜਿਸ ਵਿਚ ਪੰਜਾਬ ਤੋਂ ਇਲਾਵਾ ਹਰਿਆਣਾ, ਦਿੱਲੀ, ਉੱਤਰ ਪ੍ਰਦੇਸ਼, ਮਹਾਂਰਾਸ਼ਟਰ, ਮੱਧ ਪ੍ਰਦੇਸ਼, ਹਿਮਾਚਲ ਪ੍ਰਦੇਸ਼, ਰਾਜਸਥਾਨ, ਪੱਛਮੀ ਬੰਗਾਲ ਦੇ 100 ਤੋਂ ਉੱਪਰ ਲੇਖਕਾਂ ਨੇ ਭਾਗ ਲਿਆ। ਸਮਾਗਮ ਦੇ ਉਦਘਾਟਨੀ ਸੈਸ਼ਨ ਦੀ ਸ਼ੁਰੂਆਤ ਕਰਦਿਆਂ ਮਿੰਨੀ ਕਹਾਣੀ ਲੇਖਕ ਮੰਚ (ਰਜਿ.) ਦੇ ਜਨਰਲ ਸਕੱਤਰ ਜਗਦੀਸ਼ ਰਾਏ ਕੁਲਰੀਆਂ ਨੇ ਅੰਤਰਰਾਜੀ ਮਿੰਨੀ ਕਹਾਣੀ ਸਮਾਗਮਾਂ ਦੀ ਮਹੱਤਤਾ ਦੀ ਗੱਲ ਕੀਤੀ ਅਤੇ ਦੋ ਦਿਨ ਚੱਲਣ ਵਾਲੇ ਇਸ ਸਮਾਗਮ ਦੀ ਰੂਪ-ਰੇਖਾ ਸਾਂਝੀ ਕੀਤੀ। ਇਸ ਤੋਂ ਤੁਰੰਤ ਬਾਅਦ ਮੰਚ ਦੇ ਪ੍ਰਧਾਨ ਡਾ. ਸ਼ਿਆਮ ਸੁੰਦਰ ਦੀਪਤੀ ਵੱਲੋਂ ਉਨ੍ਹਾਂ ਦੀ ਧਰਮਪਤਨੀ ਊਸ਼ਾ ਦੀਪਤੀ ਨੇ ਬਾਹਰੋਂ ਆਏ ਲੇਖਕਾਂ ਨੂੰ ਜੀ ਆਇਆਂ ਨੂੰ ਕਿਹਾ ਅਤੇ ਪਿੰਗਲਵਾੜਾ ਸੰਸਥਾ ਦੇ ਕਾਰਜਾਂ ਬਾਰੇ ਚਾਨਣਾ ਪਾਇਆ। ਇਸ ਤੋਂ ਬਾਅਦ ਡਾ. ਇੰਦਰਜੀਤ ਕੌਰ, ਮੁੱਖ ਸੇਵਾਦਾਰ, ਭਗਤ ਪੂਰਨ ਸਿੰਘ ਪਿੰਗਲਵਾੜਾ ਨੇ ਆਪਣੇ ਸੰਬੋਧਨ ਦੌਰਾਨ ਲੇਖਕਾਂ ਨੂੰ ਸਮਾਜ ਸੁਧਾਰਨ ਅਤੇ ਦੀਨ-ਦੁਖੀਆਂ ਦੇ ਦੁੱਖਾਂ ਦੀਆਂ ਗੱਲ ਕਰਨ ਵਾਲੀਆਂ ਰਚਨਾਵਾਂ ਸਿਰਜਣ ਲਈ ਕਿਹਾ। ਉਨ੍ਹਾਂ ਕਿਹਾ ਕਿ ਇਸ ਸਮੇਂ ਕੁਦਰਤੀ ਸਰੋਤਾਂ ਅਤੇ ਵਾਤਾਵਰਨ ਦੀ ਸਾਂਭ-ਸੰਭਾਲ ਬਹੁਤ ਜ਼ਰੂਰੀ ਹੈ, ਜਿਸ ਲਈ ਭਗਤ ਪੂਰਨ ਸਿੰਘ ਜੀ ਨੇ ਸਾਰੀ ਉਮਰ ਕੰਮ ਕੀਤਾ ਹੈ। ਉਨ੍ਹਾਂ ਲੇਖਕਾਂ ਨੂੰ ਇਸ ਪਾਸੇ ਕਲਮ ਚਲਾਉਣ ਲਈ ਵੀ ਪ੍ਰੇਰਿਆ। ਇਸ ਤੋਂ ਤੁਰੰਤ ਬਾਅਦ ਪਹਿਲਾ ਸੈਸ਼ਨ ਜੋ ਕਿ 'ਵਿਦਿਆਰਥੀ, ਨੌਜਵਾਨ ਅਤੇ ਅੰਤਰਰਾਸ਼ਟਰੀ ਲੇਖਕਾਂ ਦੀਆਂ ਰਚਨਾਵਾਂ' ਵਿਸ਼ੇ 'ਤੇ ਅਧਾਰਿਤ ਸੀ, ਡਾ. ਕੁਲਦੀਪ ਸਿੰਘ ਦੀਪ ਪ੍ਰਸਿੱਧ ਨਾਟਕਕਾਰ ਅਤੇ ਆਲੋਚਕ ਵੱਲੋਂ ਸੰਚਾਲਿਤ ਕੀਤਾ ਗਿਆ। ਇਸ ਸੈਸ਼ਨ ਦੀ ਪ੍ਰਧਾਨਗੀ ਲਘੂਕਥਾ ਸ਼ੋਧ ਕੇਂਦਰ ਭੋਪਾਲ (ਮੱਧ ਪ੍ਰਦੇਸ਼) ਦੀ ਪ੍ਰਧਾਨ ਕਾਂਤਾ ਰਾਏ ਨੇ ਕੀਤੀ। ਡਾ. ਦੀਪ ਨੇ ਇਸ ਸੈਸ਼ਨ ਨੂੰ ਚਲਾਉਂਦੇ ਹੋਏ ਮਿੰਨੀ ਕਹਾਣੀ ਵਿਧਾ ਦੇ ਵੱਖ-ਵੱਖ ਪਸਾਰਾਂ ਨੂੰ ਸਾਹਮਣੇ ਰੱਖਿਆ ਅਤੇ ਪੜ੍ਹੀਆਂ ਗਈਆਂ ਰਚਨਾਵਾਂ ਦੇ ਸੰਦਰਭ ਵਿਚ ਆਲੋਚਨਾਤਮਕ ਸਮੀਖਿਆ ਕੀਤੀ। ਬੇਹੱਦ ਰੌਚਕ ਰਹੇ ਇਸ ਸੈਸ਼ਨ ਵਿਚ ਮਾਇਆ ਦੇਵੀ ਮੈਮੋਰੀਅਲ ਸਕੂਲ ਕੇਰਾ ਖੇੜਾ ਦੀਆਂ ਵਿਦਿਆਰਥਣਾਂ ਮਨਦੀਪ ਕੌਰ, ਰਜਨੀਤ ਕੌਰ, ਖੁਸ਼ਮਨ ਕੌਰ ਅਤੇ ਰੀਆ ਦੇ ਮਿੰਨੀ ਕਹਾਣੀ ਪਾਠ ਤੋਂ ਇਲਾਵਾ ਸ਼ਬਨਮ ਸੁਲਤਾਨਾ (ਭੋਪਾਲ), ਰਾਜਿੰਦਰ ਰਾਣੀ, ਸੰਦੀਪ ਸੋਖਲ, ਮਨਪ੍ਰੀਤ ਕੌਰ, ਰਣਜੀਤ ਸਿੰਘ ਕਲੇਰ, ਤ੍ਰਿਪਤਾ ਬਰਮੋਤਾ, ਮਨਜੀਤ ਕੌਰ ਧੀਮਾਨ, ਨੀਰੂ ਮਿੱਤਲ ਨੀਰ (ਪੰਚਕੂਲਾ), ਸੁਨੀਤਾ ਪ੍ਰਕਾਸ਼ (ਭੋਪਾਲ) ਨੇ ਆਪੋ-ਆਪਣੀਆਂ ਮਿੰਨੀ ਕਹਾਣੀਆਂ ਪੜ੍ਹੀਆਂ। ਅੰਤਰਰਾਸ਼ਟਰੀ ਲੇਖਕਾਂ ਚੇਖ਼ਵ, ਮੈਕਸਿਮ ਗੋਰਕੀ, ਸਆਦਤ ਹਸਨ ਮੰਟੋ, ਮੁਨਸ਼ੀ ਪ੍ਰੇਮ ਚੰਦ, ਖ਼ਲੀਲ ਜ਼ਿਬਰਾਨ ਦੀਆਂ ਮਿੰਨੀ ਕਹਾਣੀਆਂ ਦਾ ਪਾਠ ਡਾ. ਭਵਾਨੀ ਸ਼ੰਕਰ ਗਰਗ, ਪਰਮਜੀਤ ਕੌਰ ਸ਼ੇਖੂਪੁਰ ਕਲਾਂ, ਮਹਿੰਦਰਪਾਲ ਬਰੇਟਾ, ਗੁਰਸੇਵਕ ਸਿੰਘ ਰੋੜਕੀ, ਦਰਸ਼ਨ ਸਿੰਘ ਬਰੇਟਾ ਅਤੇ ਬੀਰਇੰਦਰ ਬਨਭੌਰੀ ਵੱਲੋਂ ਕੀਤਾ ਗਿਆ। ਡਾ. ਦੀਪ ਨੇ ਇਨ੍ਹਾਂ ਰਚਨਾਵਾਂ ਦੇ ਹਵਾਲੇ ਨਾਲ ਮੌਜੂਦਾ ਦੌਰ ਦੀਆਂ ਮਿੰਨੀ ਕਹਾਣੀਆਂ ਨੂੰ ਪਰਖ਼ਿਆ। ਕਾਂਤਾ ਰਾਏ ਨੇ ਕਿਹਾ ਕਿ ਪੰਜਾਬ ਵਿਚ ਮਿੰਨੀ ਕਹਾਣੀ 'ਤੇ ਵੱਡਾ ਕੰਮ ਹੋ ਰਿਹਾ ਹੈ, ਜੋ ਸਾਡੇ ਸਾਰਿਆਂ ਲਈ ਪ੍ਰੇਰਨਾ ਬਣਦਾ ਹੈ। ਇਸ ਤੋਂ ਬਾਅਦ ਸਮਾਗਮ ਦਾ ਦੂਜਾ ਸੈਸ਼ਨ 'ਮਿੰਨੀ ਕਹਾਣੀ ਪਾਠ ਤੇ ਚਰਚਾ' 'ਤੇ ਅਧਾਰਿਤ ਸੀ, ਜਿਸ ਵਿਚ ਪੰਜਾਬ ਅਤੇ ਦੂਸਰੇ ਰਾਜਾਂ ਦੇ ਲੇਖਕਾਂ ਨੇ ਭਾਗ ਲਿਆ। ਸੈਸ਼ਨ ਨੂੰ ਗੁਰਪ੍ਰੀਤ ਕੌਰ ਵੱਲੋਂ ਚਲਾਇਆ ਗਿਆ। ਇਸ ਵਿਚ ਡਾ. ਨਾਇਬ ਸਿੰਘ ਮੰਡੇਰ (ਹਰਿਆਣਾ), ਸੁਰਿੰਦਰ ਕੈਲੇ, ਰੇਖਾ ਸਕਸੇਨਾ (ਭੋਪਾਲ), ਡਾ. ਨਵਜੋਤ ਕੌਰ ਲਵਲੀ, ਡਾ. ਹਰਜਿੰਦਰ ਕੌਰ ਕੰਗ, ਰਾਜਿੰਦਰ ਮਾਜ਼ੀ, ਸੀਤਾ ਰਾਮ ਗੁਪਤਾ (ਦਿੱਲੀ), ਸਰਿਤਾ ਬਘੇਲਾ ਅਨਾਮਿਕਾ (ਭੋਪਾਲ), ਅਸ਼ੋਕ ਦਰਦ (ਡਲਹੌਜ਼ੀ, ਹਿਮਾਚਲ ਪ੍ਰਦੇਸ਼), ਸੁਰਿੰਦਰਦੀਪ, ਸੀਮਾ ਵਰਮਾ, ਡਾ. ਸ਼ੀਲ ਕੌਸ਼ਿਕ (ਹਰਿਆਣਾ), ਅਰੁਣ ਧਰਮਾਵਤ (ਰਾਜਸਥਾਨ), ਡਾ. ਇੰਦਰਪਾਲ ਕੌਰ, ਰਾਜਦੇਵ ਕੌਰ ਸਿੱਧੂ, ਕਲਪਨਾ ਭੱਟ (ਭੋਪਾਲ), ਸੀਮਾ ਭਾਟੀਆ, ਸੁਰਜੀਤ ਸਿੰਘ ਜੀਤ, ਅਜੀਤ ਨਬੀਪੁਰੀ, ਡਾ. ਨੀਰਜਾ ਸੁਧਾਂਸ਼ੂ (ਬਿਜ਼ਨੌਰ, ਉੱਤਰ ਪ੍ਰਦੇਸ਼), ਮਨਜੀਤ ਕੌਰ ਅੰਬਾਲਵੀ (ਹਰਿਆਣਾ), ਕੈਲਾਸ਼ ਠਾਕੁਰ ਤੇ ਅੰਜੂ ਖਰਬੰਦਾ (ਦਿੱਲੀ) ਨੇ ਆਪੋ-ਆਪਣੀਆਂ ਮਿੰਨੀ ਕਹਾਣੀਆਂ ਪੜ੍ਹੀਆਂ, ਜਿਨ੍ਹਾਂ 'ਤੇ ਇਸ ਸੈਸ਼ਨ ਵਿਚ ਵਿਸ਼ੇਸ਼ਗ ਦੇ ਤੌਰ 'ਤੇ ਸ਼ਾਮਲ ਹੋਏ ਲਘੂਕਥਾ ਕਲਸ਼ ਦੇ ਸੰਪਾਦਕ ਯੋਗਰਾਜ ਪ੍ਰਭਾਕਰ ਅਤੇ ਛਿਣ ਦੇ ਸੰਪਾਦਕ ਡਾ. ਹਰਪ੍ਰੀਤ ਸਿੰਘ ਰਾਣਾ ਨੇ ਉਸਾਰੂ ਟਿੱਪਣੀਆਂ ਕੀਤੀਆਂ। ਦੋਵੇਂ ਵਿਦਵਾਨਾਂ ਨੇ ਮਿੰਨੀ ਕਹਾਣੀ ਅਤੇ ਲਘੂਕਥਾ ਦੇ ਵਿਧਾਨਕ ਢਾਂਚੇ ਅਨੁਸਾਰ ਲੇਖਕਾਂ ਨੂੰ ਸੇਧ ਦੇਣ ਵਾਲੀਆਂ ਗੱਲਾਂ ਦੱਸੀਆਂ ਅਤੇ ਰਚਨਾਵਾਂ ਦੀਆਂ ਊਣਤਾਈਆਂ ਦੀ ਨਿਸ਼ਾਨਦੇਹੀ ਵੀ ਕੀਤੀ। ਤੀਸਰਾ ਸੈਸ਼ਨ ਵੀ ਮਿੰਨੀ ਕਹਾਣੀ ਪਾਠ ਤੇ ਚਰਚਾ 'ਤੇ ਹੀ ਅਧਾਰਿਤ ਸੀ, ਜਿਸ ਵਿਚ ਗੁਰਮੀਤ ਰਾਮਪੁਰੀ, ਰਣਜੀਤ ਆਜ਼ਾਦ ਕਾਂਝਲਾ, ਡਾ. ਹਰਪ੍ਰੀਤ ਸਿੰਘ ਰਾਣਾ, ਦਵਿੰਦਰ ਪਟਿਆਲਵੀ, ਸਾਧੂ ਰਾਮ ਲੰਗੇਆਣਾ, ਕੰਵਲਜੀਤ ਭੋਲਾ ਲੰਡੇ, ਸੁਭਾਸ਼ ਨੀਰਵ (ਦਿੱਲੀ), ਬੇਬੀ ਕਾਰਫੋਰਮਾ (ਪੱਛਮੀ ਬੰਗਾਲ), ਪ੍ਰਤਿਭਾ ਦ੍ਰਿਵੇਦੀ (ਗਵਾਲੀਅਰ), ਬਲਰਾਜ ਕੁਹਾੜਾ, ਗੁਰਮੀਤ ਮਰਾੜ, ਸਨੇਹ ਗੋਸਵਾਮੀ, ਦਵਿੰਦਰ ਸਿੰਘ ਪਨੇਸਰ (ਦਿੱਲੀ), ਪਰਗਟ ਸਿੰਘ ਜੰਬਰ, ਰਾਧੇਸ਼੍ਯਾਮ ਭਾਰਤੀਯ (ਹਰਿਆਣਾ), ਮਦਨ ਲਾਲ (ਹਰਿਆਣਾ), ਡਾ. ਅਸ਼ੋਕ ਵੈਰਾਗੀ (ਹਰਿਆਣਾ), ਕਾਂਤਾ ਰਾਏ (ਭੋਪਾਲ), ਮੇਜਰ ਸ਼ਕਤੀ ਰਾਜ (ਸਿਰਸਾ), ਘਣਸ਼੍ਯਾਮ ਮੈਥਿਲ (ਮੱਧ ਪ੍ਰਦੇਸ਼), ਊਸ਼ਾ ਦੀਪਤੀ, ਬੂਟਾ ਖਾਨ ਸੁੱਖੀ, ਪਰਮਜੀਤ ਕੌਰ ਸ਼ੇਖਪੁਰ ਕਲਾਂ, ਲਾਜਪਤ ਰਾਏ ਗਰਗ (ਪੰਚਕੂਲਾ), ਮਹਿੰਦਰਪਾਲ ਬਰੇਟਾ ਤੇ ਹਰਭਜਨ ਸਿੰਘ ਖੇਮਕਰਨੀ ਨੇ ਆਪਣੀਆਂ ਰਚਨਾਵਾਂ ਪੜ੍ਹੀਆਂ। ਰਚਨਾਵਾਂ 'ਤੇ ਚਰਚਾ ਆਲੋਚਕ ਡਾ. ਨਾਇਬ ਸਿੰਘ ਮੰਡੇਰ ਅਤੇ ਹਰਿਆਣਾ ਪ੍ਰਦੇਸ਼ਿਕ ਲਘੂਕਥਾ ਮੰਚ ਦੀ ਪ੍ਰਧਾਨ ਡਾ. ਸ਼ੀਲ ਕੌਸ਼ਿਕ ਨੇ ਕੀਤੀ। ਉਨ੍ਹਾਂ ਕਿਹਾ ਕਿ ਅਜੋਕੇ ਸਮੇਂ ਦੀ ਮਿੰਨੀ ਕਹਾਣੀ/ਲਘੂਕਥਾ ਸਮਾਜਿਕ ਸਰੋਕਾਰਾਂ ਨਾਲ ਜੁੜੀ ਹੈ ਤੇ ਕਿਸੇ ਵੀ ਵਿਸ਼ੇ ਨੂੰ ਪ੍ਰਗਟਾਉਣ ਦੀ ਸਮਰੱਥਾ ਰੱਖਦੀ ਹੈ। ਇਸ ਸੈਸ਼ਨ ਦਾ ਸੰਚਾਲਨ ਪ੍ਰਿੰਸੀਪਲ ਦਰਸ਼ਨ ਸਿੰਘ ਬਰੇਟਾ ਨੇ ਕੀਤਾ। ਪਹਿਲੇ ਦਿਨ ਚੌਥੇ ਤੇ ਆਖਰੀ ਸੈਸ਼ਨ ਵਿਚ ਡਾ. ਰਾਜਵੀਰ ਸਿੰਘ, ਖੇਤੀ ਵਿਗਿਆਨੀ/ਟਰੱਸਟੀ ਪਿੰਗਲਵਾੜਾ ਅੰਮ੍ਰਿਤਸਰ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ ਅਤੇ ਪ੍ਰਧਾਨਗੀ ਪ੍ਰਸਿੱਧ ਸਾਹਿਤਕਾਰ ਅਤੇ ਅਨੁਵਾਦਕ ਸੁਭਾਸ਼ ਨੀਰਵ 'ਦਿੱਲੀ' ਅਤੇ ਲਾਜਪਤ ਰਾਏ ਗਰਗ, ਪੰਚਕੂਲਾ ਵੱਲੋਂ ਕੀਤੀ ਗਈ। ਡਾ. ਸ਼ਿਆਮ ਸੁੰਦਰ ਦੀਪਤੀ ਨੇ ਮਹਿਮਾਨਾਂ ਨੂੰ ਜੀ ਆਇਆਂ ਨੂੰ ਆਖਿਆ ਤੇ ਅੰਤਰਰਾਜੀ ਮਿੰਨੀ ਕਹਾਣੀ ਸਮਾਗਮ ਤੇ ਮਿੰਨੀ ਕਹਾਣੀ ਦੀ ਮੌਜੂਦਾ ਸਥਿਤੀ ਬਾਰੇ ਗੱਲਬਾਤ ਕੀਤੀ। ਡਾ. ਰਾਜਬੀਰ ਸਿੰਘ ਨੇ ਆਰਗੈਨਿਕ ਖੇਤੀ ਦੀ ਮਹੱਤਤਾ ਅਤੇ ਇਸ ਦੀ ਅਜੋਕੇ ਸਮੇਂ ਵਿਚ ਲੋੜ 'ਤੇ ਬੱਝਵਾਂ ਭਾਸ਼ਣ ਦਿੱਤਾ ਅਤੇ ਲੇਖਕਾਂ ਨੂੰ ਅਪੀਲ ਕੀਤੀ ਕਿ ਉਹ ਆਰਗੈਨਿਕ ਖੇਤੀ ਦੀ ਮਹੱਤਤਾ ਨੂੰ ਕਿਸੇ ਵੀ ਮਾਧਿਅਮ ਰਾਹੀਂ ਆਪਣੀਆਂ ਰਚਨਾਵਾਂ ਵਿਚ ਉਭਾਰਨ। ਇਸ ਤੋਂ ਬਾਅਦ ਮੰਚ ਵੱਲੋਂ ਕਰਵਾਏ 33ਵੇਂ ਮਿੰਨੀ ਕਹਾਣੀ ਮੁਕਾਬਲਿਆਂ ਦੇ ਜੇਤੂਆਂ ਗੁਰਮੀਤ ਸਿੰਘ ਮਰਾੜ, ਸੋਮਾ ਕਲਸੀਆਂ, ਡਾ. ਸਾਧੂ ਰਾਮ ਲੰਗੇਆਣਾ, ਰਮਨਦੀਪ ਕੌਰ ਰੰਮੀ ਤੇ ਜਸਵੀਰ ਭਲੂਰੀਆ ਨੂੰ ਸਨਮਾਨਿਤ ਕੀਤਾ ਗਿਆ। ਇਸ ਦੇ ਨਾਲ ਹੀ 'ਵਿਦੇਸ਼ੀ ਮਿੰਨੀ ਕਹਾਣੀਆਂ' (ਸੰਪਾ: ਡਾ. ਦੀਪਤੀ, ਅਗਰਵਾਲ, ਨੂਰ), 'ਆਲੋਚਨਾ ਦ੍ਰਿਸ਼ਟੀ-ਮਿੰਨੀ ਕਹਾਣੀ ਪੇਸ਼ਕਾਰੀ ਤੇ ਪਾਸਾਰ' ਡਾ. ਸ਼ਿਆਮ ਸੁੰਦਰ ਦੀਪਤੀ, 'ਦਰਸ਼ਨ ਮਿਤਵਾ ਦੀਆਂ ਮਿੰਨੀ ਕਹਾਣੀਆਂ-ਅੰਤਰ ਦ੍ਰਿਸ਼ਟੀ ਅਤੇ ਸਮੀਖਿਆ' (ਸੰਪਾ: ਜਗਦੀਸ਼ ਰਾਏ ਕੁਲਰੀਆਂ), ਮੈਗਜ਼ੀਨ 'ਸ਼ਬਦ ਤ੍ਰਿੰਜਣ' (ਸੰਪਾ: ਮੰਗਤ ਕੁਲਜਿੰਦ), 'ਸੋ ਪੱਤ ਮਛਲੀ ਦੇ' (ਭੁਪਿੰਦਰ ਸਿੰਘ ਪੀ.ਸੀ.ਐੱਸ) ਪੁਨਰ ਪ੍ਰਕਾਸ਼ਨ : ਯੋਗਰਾਜ ਪ੍ਰਭਾਕਰ, 'ਗ੍ਰਹਿਣੇ ਸੂਰਜ' (ਦਲੀਪ ਸਿੰਘ ਭਪਾਲ), ਪੁਨਰ ਪ੍ਰਕਾਸ਼ਨ : ਯੋਗਰਾਜ ਪ੍ਰਭਾਕਰ, ਮੈਗਜ਼ੀਨ 'ਪੰਜਾਬ ਸਕਾਊਟ ਸੁਨੇਹਾ' ਸੰਪਾ: ਦਰਸ਼ਨ ਸਿੰਘ ਬਰੇਟਾ, 'ਸੋਨ ਸਵੇਰਾ' (ਕਥਾ ਸੰਗ੍ਰਹਿ), ਸੁਰਿੰਦਰ ਕੈਲੇ, ਅਨੁ: ਸੀਮਾ ਵਰਮਾ, ਮੈਗਜ਼ੀਨ 'ਛਿਣ' (ਸੰਪਾ: ਤ੍ਰਿਪਤ ਭੱਟੀ, ਹਰਪ੍ਰੀਤ ਸਿੰਘ ਰਾਣਾ, ਦਵਿੰਦਰ ਪਟਿਆਲਵੀ), 'ਕਿੰਗਜ਼ ਵੇ ਕੈਂਪ ਦਿੱਲੀ-9'-ਅੰਜੂ ਖਰਬੰਦਾ, 'ਅਬ ਜੂਝਣ ਕਾ ਦਾਓ' (ਸੰਪਾ: ਸ਼ਰਨ ਮੱਕੜ, ਅਨਵੰਤ ਕੌਰ), ਪੁਨਰ ਪ੍ਰਕਾਸ਼ਨ : ਯੋਗਰਾਜ ਪ੍ਰਭਾਕਰ, 'ਟਿੰਡਾਂ ਦਾ ਪਾਣੀ' (ਵਿਚਾਰ ਸੰਗ੍ਰਹਿ), ਦਰਸ਼ਨ ਸਿੰਘ ਬਰੇਟਾ, 'ਗੁੱਝੀਆਂ ਪੈੜਾਂ' (ਹਾਇਕੁ ਸੰਗ੍ਰਹਿ), ਮਹਿੰਦਰ ਪਾਲ ਬਰੇਟਾ, 'ਅਣੂੰ' ਤ੍ਰੈਮਾਸਿਕ ਪੱਤ੍ਰਿਕਾ-ਸੰਪਾ: ਸੁਰਿੰਦਰ ਕੈਲੇ ਤੇ 'ਅਭੀ ਕਹਿਨਾ ਸ਼ੇਸ਼ ਹੈ'-(ਸੰਪਾ: ਅਰੁਣ ਧਰਮਾਵਤ, ਸੀਮਾ ਭਾਟੀਆ) ਪੁਸਤਕਾਂ ਨੂੰ ਲੋਕ ਅਰਪਣ ਕੀਤਾ ਗਿਆ। ਡਾ. ਦੀਪਤੀ ਅਤੇ ਜਗਦੀਸ਼ ਕੁਲਰੀਆਂ ਵੱਲੋਂ ਭਾਈਚਾਰਕ ਸਾਂਝ ਨਾਲ ਸੰਬੰਧਤ ਮਿੰਨੀ ਕਹਾਣੀਆਂ ਦੀ ਸੰਪਾਦਿਤ ਪੁਸਤਕ 'ਗਲਵੱਕੜੀ' 'ਤੇ ਅਧਾਰਿਤ ਭਾਵਪੂਰਤ ਨਾਟਕ ਦੀ ਪੇਸ਼ਕਾਰੀ ਗੁਰਮੇਲ ਸ਼ਾਮਨਗਰ ਦੀ ਨਿਰਦੇਸ਼ਨਾ ਹੇਠ ਲੋਕ ਕਲਾ ਮੰਚ ਮਜੀਠਾ ਦੀ ਟੀਮ ਨੇ ਕੀਤੀ। ਦੇਰ ਰਾਤ ਤੱਕ ਲੇਖਕ ਸਾਹ ਰੋਕ ਕੇ ਇਸ ਪੇਸ਼ਕਾਰੀ ਨੂੰ ਦੇਖਦੇ ਰਹੇ। ਦੂਸਰੇ ਦਿਨ ਦੀ ਸ਼ੁਰੂਆਤ 'ਪਿੰਗਲਵਾੜਾ' ਸੰਸਥਾ ਦੇ ਵਾਰਡਾਂ ਦੇ ਦੌਰੇ ਨਾਲ ਹੋਈ। ਬਾਹਰੋਂ ਆਏ ਲੇਖਕਾਂ ਨੇ ਪਿੰਗਲਵਾੜਾ ਦੀ ਕਾਰਜਸ਼ੈਲੀ ਨੂੰ ਨੇੜਿਓਂ ਸਮਝਿਆ। ਇਸ ਤੋਂ ਬਾਅਦ ਪਹਿਲੇ ਸੈਸ਼ਨ ਦੀ ਸ਼ੁਰੂਆਤ 'ਪ੍ਰਯੋਗਵਾਦੀ ਅਤੇ ਵੱਖਰੇ ਭਾਂਤ ਦੀਆਂ ਮਿੰਨੀ ਕਹਾਣੀਆਂ' ਦੇ ਪਾਠ ਨਾਲ ਹੋਈ, ਜਿਸ ਵਿਚ ਕੁਲਵਿੰਦਰ ਕੌਸ਼ਲ ਨੇ 'ਠਕ ਠਕ ਠਕ', ਬੀਰ ਇੰਦਰ ਬਨਭੌਰੀ ਨੇ 'ਨਾਇਕ', ਦਿਵਿਆ ਸ਼ਰਮਾ (ਗੁੜਗਾਂਵ) ਨੇ 'ਕੂੜੇਵਾਲਾ', ਗੁਰਪ੍ਰੀਤ ਕੌਰ ਨੇ 'ਬੇਬੇ ਦੀ ਕਾਪੀ' ਤੇ ਸੋਮਾ ਕਲਸੀਆਂ ਨੇ 'ਟੁਕੜੇ' ਨਾਮੀ ਮਿੰਨੀ ਕਹਾਣੀਆਂ ਦਾ ਪਾਠ ਕੀਤਾ। ਇਸ ਤੋਂ ਬਾਅਦ ਨਾਗਪੁਰ (ਮਹਾਂਰਾਸ਼ਟਰ) ਤੋਂ ਪਧਾਰੇ ਹਿੰਦੀ ਦੇ ਵਿਦਵਾਨ ਡਾ. ਮਿਥਲੇਸ਼ ਅਵਸਥੀ ਨੇ 'ਲਘੂਕਥਾ ਸਾਹਿਤਯ ਮੇਂ ਸੰਭਾਵਨਾਏਂ ਤਲਾਸ਼ਣੇ ਕਾ ਸਮਯ' ਵਿਸ਼ੇ 'ਤੇ ਅਤੇ ਡਾ. ਬਲਜੀਤ ਕੌਰ ਰਿਆੜ, ਅਸਿਸਟੈਂਟ ਪ੍ਰੋਫੈਸਰ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਨੇ 'ਮਿੰਨੀ ਕਹਾਣੀ ਸਾਹਿਤ ਵਿਚ ਸੰਭਾਵਨਾਵਾਂ ਦੀ ਤਲਾਸ਼ ਦਾ ਸਮਾਂ' ਵਿਸ਼ੇ 'ਤੇ ਆਪੋ-ਆਪਣੇ ਖੋਜ ਪੱਤਰ ਪੜ੍ਹੇ। ਦੋਵੇਂ ਵਿਦਵਾਨਾਂ ਨੇ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਮਿੰਨੀ ਕਹਾਣੀ/ਲਘੂਕਥਾ ਵਿਚ ਆਉਣ ਵਾਲੇ ਸਮੇਂ ਵਿਚ ਅਥਾਹ ਸੰਭਾਵਨਾਵਾਂ ਹਨ, ਪ੍ਰੰਤੂ ਖਾਸ ਤੌਰ 'ਤੇ ਨਵ ਲੇਖਕਾਂ ਨੂੰ ਇਸ ਵਿਧਾ ਨੂੰ ਸਮਝਣ ਦੀ ਜ਼ਰੂਰਤ ਹੈ। ਦੇਖਣ ਵਿਚ ਇਹ ਜਿੰਨੀ ਅਸਾਨ ਲੱਗਦੀ ਹੈ, ਓਨੀ ਹੈ ਨਹੀਂ। ਇਸ ਦੇ ਵਿਧੀ ਵਿਧਾਨ ਤੇ ਸੰਰਚਨਾ 'ਤੇ ਨਿੱਠ ਕੇ ਅਧਿਐਨ ਕਰਨ ਦੀ ਜ਼ਰੂਰਤ ਹੈ। ਪੇਸ਼ ਕੀਤੇ ਇਹਨਾਂ ਪਰਚਿਆਂ ਨੂੰ ਡਾ. ਅਸ਼ੋਕ ਭਾਟੀਆ ਕਰਨਾਲ, ਡਾ. ਪ੍ਰਦੀਪ ਕੌੜਾ, ਡਾਇਰੈਕਟਰ ਅਕੈਡਮਿਕ ਐਕਸੀਲੈਂਸ ਗੁਰੂ ਕਾਸ਼ੀ ਯੂਨੀਵਰਸਿਟੀ ਤਲਵੰਡੀ ਸਾਬੋ 'ਤੇ ਡਾ. ਨਾਇਬ ਸਿੰਘ ਮੰਡੇਰ ਨੇ ਗੱਲ ਕਰਦਿਆਂ ਵਿਸਥਾਰ ਦਿੱਤਾ। ਇਨ੍ਹਾਂ ਵਿਦਵਾਨਾਂ ਦਾ ਕਹਿਣਾ ਸੀ ਕਿ ਪੰਜਾਬੀ, ਹਿੰਦੀ ਵਿਚ ਕੋਈ ਇਕ ਅਜਿਹੀ ਕਿਤਾਬ ਜ਼ਰੂਰ ਹੋਣੀ ਹੈ, ਜਿਸ ਦੇ ਸਿਧਾਂਤ ਸਰਵਪ੍ਰਮਾਣਤ ਹੋਣ ਤਾਂ ਕਿ ਇਸ ਵਿਧਾ ਦਾ ਫੈਲਾਅ ਹੋ ਸਕੇ। ਉਨ੍ਹਾਂ ਨੇ ਵਿਧਾ ਦੇ ਪੰਜਾਹ ਸਾਲ ਦੇ ਇਤਿਹਾਸ ਦਾ ਵੀ ਜ਼ਿਕਰ ਕੀਤਾ। ਸਮਾਗਮ ਦਾ ਦੂਜਾ ਸੈਸ਼ਨ, ਜੋ ਕਿ 'ਪੁਸਤਕ ਰਿਲੀਜ਼ ਅਤੇ ਸਨਮਾਨ ਸਮਾਰੋਹ' ਸੀ, ਵਿਚ ਡਾ. ਇੰਦਰਜੀਤ ਕੌਰ ਮੁੱਖ ਸੇਵਾਦਾਰ ਭਗਤ ਪਰਨ ਸਿੰਘ ਪਿੰਗਲਵਾੜਾ ਅੰਮ੍ਰਿਤਸਰ ਮੁੱਖ ਮਹਿਮਾਨ ਅਤੇ ਲੋਕ ਮੰਚ ਪੰਜਾਬ ਦੇ ਪ੍ਰਧਾਨ ਤੇ 'ਆਪਣੀ ਆਵਾਜ਼' ਦੇ ਮੁੱਖ ਸੰਪਾਦਕ ਸੁਰਿੰਦਰ ਸਿੰਘ ਸੁੰਨੜ ਵਿਸ਼ੇਸ਼ ਮਹਿਮਾਨ ਵਜੋਂ ਸ਼ਾਮਲ ਹੋਏ, ਜਦਕਿ ਸਮਾਗਮ

15-Oct-Sunday.qxd 10/14/2023 8:47 PM Page 3

ਸਵੈਕਥਨ : ਅਕਸਰ ਮੈਂ ਕਵਿਤਾ ਤੋਂ ਦੂਰ ਚਲਾ ਜਾਂਦਾ ਹਾਂ। ਇਹ ਦੂਰੀ ਦਿਨ-ਹਫਤਿਆਂ ਦੀ ਨਹੀਂ ਹੁੰਦੀ। ਜੇ ਮੈਂ ਕਹਾਂ ਤਾਂ ਇਹਦਾ ਕੋਈ ਸਮਾਂ ਨਿਸਚਿਤ ਨਹੀਂ। ਕਵਿਤਾ ਤੋਂ ਦੂਰ ਹੋਇਆ ਮੈਂ ਮੈਦਾਨ ਗਾਹ ਮਾਰਦਾ ਹਾਂ, ਦੱਰੇ ਟੱਪਦਾ ਰਹਿੰਦਾ ਹਾਂ। ਭਟਕਦਾ ਰਹਿੰਦਾ ਹਾਂ ਇਧਰ-ਉਧਰ ਤੇ ਇਉਂ ਬਟਕਿਆ-ਖਿੜਕਿਆ ਜਦੋਂ ਮੁੜ ਕਵਿਤਾ ਦੀ ਆਗੋਸ਼ ਵਿੱਚ ਜਾਂਦਾ ਹਾਂ ਤਾਂ ਹੈਰਾਨ ਹੁੰਦਾ ਹਾਂ। ਇਹ ਵੇਖ ਕੇ ਕਵਿਤਾ ਤਾਂ ਮੈਨੂੰ ਉਵੇਂ ਹੀ ਕਲਾਵੇ ਵਿੱਚ ਲੈ ਲੈਂਦੀ ਹੈ, ਜਿਵੇਂ ਇਹ ਭਟਕਣਾ ਵਰ੍ਹਿਆਂਬੱਧੀ ਨਾ ਹੋ ਕੇ ਪਲ-ਛਿਣ ਦੀ ਹੋਵੇ। ਕਵਿਤਾ ਦੇ ਦਰ ਆਇਆਂ ਮੇਰੀ ਭਟਕਣਾ ਮੁੱਕ ਜਾਂਦੀ ਹੈ ਤੇ ਮੈਂ ਸ਼ਾਂਤ-ਸਥਿਰ ਜਿਹਾ ਹੋ ਜਾਂਦਾ ਹਾਂ ਤੇ ਫਿਰ ਉਹੀ ਕਵਿਤਾ ਲਫਜ਼ਾਂ ਦੇ ਵਸਤਰ ਪਾ ਸਫਿਆਂ 'ਤੇ ਵਿਛ ਜਾਂਦੀ ਹੈ...ਮੇਰੀ ਸਾਹਵੇਂ।

ਡਾ. ਸਤੀਸ਼ ਠੁਕਰਾਲ ਸੋਨੀ ਦੀਆਂ ਨਵੀਂਆਂ ਕਵਿਤਾਵਾਂ

ਪਛਤਾਵਾ

ਤੂੰ...
ਹਾਸਿਲ ਨਹੀਂ ਐਂ
ਜ਼ਿੰਦਗੀ ਦਾ

ਪਛਤਾਵਾ ਏਂ
ਉਹ ਪਛਤਾਵਾ
ਜਿਨ੍ਹੇ ਉਮਰ ਭਰ
ਕੁਝ ਹੋਰ
ਹਾਸਲ ਹੋਣ ਹੀ ਨਹੀਂ ਦਿੱਤਾ।

ਆਮਦ

ਤੇਰੀ ਆਮਦ ਨੇ
ਜ਼ਿੰਦਗੀ ਨੂੰ
ਇਉਂ ਸ਼ਿੰਗਾਰ ਦਿੱਤਾ ਹੈ

ਜਿੱਦਾਂ
ਹਰੀਆਂ ਕਚੂਰ ਟਹਿਣੀਆਂ ਨਾਲ
ਨਿਪੱਤਰੇ ਰੁੱਖਾਂ ਨੂੰ
ਸ਼ਿੰਗਾਰ ਦੇਂਦੀ ਹੈ ਬਹਾਰ।

ਸੱਟ

ਸੱਟ
ਭਾਵਨਾਵਾਂ ਨੂੰ ਵੱਜੀ
ਜਾਂ ਤੇਰੀ ਅਖੱਤੀ ਚੌਧਰ ਨੂੰ

ਅੰਦਰ ਝਾਤ ਮਾਰ
ਤੇ ਫਿਰਾਖਦਿਲੀ ਨਾਲ
ਇਹ ਫੈਸਲਾ ਕਰ

ਇਲਜ਼ਾਮ ਦਾ ਕੀ ਐ,
ਲਾਉਣ ਨੂੰ ਬਥੇਰੇ ਬਹਾਨੇ ਮਿਲ ਜਾਣਗੇ।

ਥਾਂ

ਨਹੀਂ ਚਾਹੁੰਦੀ ਔਰਤ
ਕਿ ਉਸ ਦੀ ਥਾਂ ਮੱਲੇ ਕੋਈ
ਫਿਰ ਉਹ ਥਾਂ ਭਾਵੇਂ
ਕਿਸੇ ਦਫਤਰ ਦਾ ਕੋਨਾ ਹੋਵੇ
ਜਾਂ
ਕਿਸੇ ਆਪਣੇ ਦਾ ਦਿਲ।

ਸਫਰ

ਸਫਰ 'ਤੇ ਤੁਰਿਆਂ
ਹਰ ਵਾਰ ਕੁਝ ਲੱਭੇ
ਇਹ ਜ਼ਰੂਰੀ ਤਾਂ ਨਹੀਂ
ਕਦੇ-ਕਦੇ ਕੁਝ ਗਵਾਚ ਜਾਣ ਨਾਲ ਵੀ
ਸਫਰ ਸਵਾਦਲਾ ਬਣ ਜਾਂਦੈ।

ਜਿਗਿਆਸਾ

ਮੈਂ ਤਾਂ ਅਜੇ ਤੱਕ
ਆਪਣੀ ਹੀ ਜਿਗਿਆਸਾ ਦਾ
ਭੇਤ ਨਾ ਪਾ ਸਕਿਆ
ਤੇਰੇ ਅੰਦਰ ਦੀ ਥਾਹ ਪਾਉਣਾ
ਤਾਂ ਮੇਰੇ ਲਈ ਉਫਕ ਵੱਲ ਜਾਂਦਾ ਪੈਂਡਾ।

ਅਕਲ

ਅਕਲ ਜਾੜ ਦੇ ਉੱਗਿਆਂ
ਜਾਂ
ਵਾਲਾਂ ਦੇ ਚਿੱਟੇ ਹੋਇਆਂ
ਅਕਲ ਨਹੀਂ ਉਪਜਦੀ

ਅਕਲ ਦਾ ਸੰਬੰਧ ਤਜਰਬੇ ਨਾਲ

ਤੇ ਤਜਰਬਾ ਜ਼ਿੰਦਗੀ ਦੇ ਪੈਂਡੇ ਉੱਤੇ
ਠਿੱਡੇ ਠੁੱਡੇ ਖਾਣ ਦਾ ਨਾਂਅ

ਤੇ ਫਿਰ ਕਿਉਂ
ਹਾਸਲ ਹੋਣ ਵਾਲਾ ਤਜਰਬਾ
ਜੀਵਨ ਦੇ ਸੰਘਰਸ਼ ਦਾ ਸਬਕ ਬਣ
ਭਵਿੱਖ ਦੀਆਂ ਦੁਸ਼ਵਾਰੀਆਂ ਨਾਲ
ਨਜਿੱਠਣ ਦਾ ਚੱਜ ਸਿਖਾਉਂਦਾ
ਅਸਾਨੂੰ ਜੀਵਨ ਦੇ ਅਸਲ ਅਰਥਾਂ ਤੋਂ ਜਾਣੂ ਕਰਵਾਉਂਦਾ ਰਹਿੰਦਾ

ਹਾਂ, ਬਸ ਸ਼ਰਤ ਇੱਕੋ ਹੈ
ਕਿ ਅਸਾਡੇ ਵਿੱਚ
ਉਸ ਚੱਜ ਨੂੰ ਸਿੱਖਣ-ਸਮਝਣ ਦਾ ਹੁਨਰ ਤੇ ਸਬਰ ਹੋਵੇ।

ਫਰੂਟ ਸਟੈਂਡ ਤੇ ਕਿਸਾਨੀ

ਕੈਨੇਡਾ ਡਾਇਰੀ-11

ਭਗਵੰਤ ਰਸੂਲਪੁਰੀ

ਪੰਜਾਬ ਦੇ ਕਿਸਾਨਾਂ ਦੇ ਵਾਂਗ ਬੀ ਸੀ ਕੈਨੇਡਾ ਦੇ ਕਿਸਾਨਾਂ ਨੂੰ ਵੀ ਘੱਟੋ-ਘੱਟ ਸਮਰਥਨ ਮੁੱਲ ਨਹੀਂ ਮਿਲਦਾ। ਨਾ ਹੀ ਸਰਕਾਰ ਨਿਸ਼ਚਿਤ ਮੁੱਲ ਉੱਤੇ ਕੋਈ ਆਪਣੀ ਪੱਧਰ 'ਤੇ ਫਸਲ ਖਰੀਦਦੀ ਹੈ। ਕੈਨੇਡਾ ਦੇ ਬੀ ਸੀ 'ਚ ਕਈ ਕਿਸਮਾਂ ਦੇ ਫਰੂਟ ਤੇ ਸਬਜ਼ੀਆਂ ਦੀ ਖੇਤੀ ਹੁੰਦੀ ਹੈ। ਏਥੋਂ ਦੇ ਫਲ ਤੇ ਸਬਜ਼ੀਆਂ ਦੇ ਉਤਪਾਦਕ ਨਿੱਜੀ ਪੱਧਰ ਦੇ ਪੈਕਿੰਗ ਹਾਊਸ ਨੂੰ ਆਪਣੀ ਫਸਲ ਵੇਚਦੇ ਹਨ ਅਤੇ ਉਸ ਦੀ ਕੀਮਤ ਪੈਕਿੰਗ ਹਾਊਸ ਨਿਸ਼ਚਿਤ ਕਰਦਾ ਹੈ। ਇੱਥੋਂ ਦੇ ਫਲ/ਸਬਜ਼ੀਆਂ ਦੇ ਉਤਪਾਦਕ ਆਪਣੇ-ਆਪਣੇ ਫਾਰਮ 'ਚ ਫਰੂਟ ਸਟੈਂਡ ਲਗਾ ਕੇ ਆਪਣੀ ਸਿੱਧੀ ਫਸਲ ਖਰੀਦਦਾਰਾਂ ਨੂੰ ਵੇਚਦੇ ਹਨ। ਪਰ ਇੱਥੇ ਫਲ ਤੇ ਸਬਜ਼ੀਆਂ ਦੀ ਪੈਦਾਵਾਰ ਐਨੀ ਵੱਡੀ ਪੱਧਰ 'ਤੇ ਹੁੰਦੀ ਹੈ ਕਿ ਪੈਕਿੰਗ ਹਾਊਸ 'ਚ ਆਪਣੀ ਫਸਲ ਦੇਣੀ ਪੈਂਦੀ ਹੈ। ਬੀ ਸੀ ਟ੍ਰੀ ਫਰੂਟ ਕੋ. ਅੱਪ ਵਾਲਾ ਜਿਨ੍ਹਾਂ ਕਿਸਾਨਾਂ ਨਾਲ ਫਰੂਟ ਲੈਣ ਦਾ ਇਕਰਾਰ ਕਰਦੇ ਹਨ, ਉਹ ਕਿਸਾਨ ਉਹ ਫਲ ਦੀ ਕਿਸਮ ਫਰੂਟ ਸਟੈਂਡ ਉੱਤੇ ਨਹੀਂ ਵੇਚ ਸਕਦੇ, ਨਾ ਹੀ ਸਿੱਧੀ ਸਟੋਰਾਂ ਨੂੰ ਦੇ ਸਕਦੇ ਹਨ। ਇਹ ਕੋ. ਅੱਪ ਮੁੱਖ ਰੂਪ 'ਚ ਸੇਬ ਤੇ ਚੈਰੀ ਦੀ ਖਰੀਦ ਕਰਦਾ ਹੈ। ਇਹਨਾਂ ਦੀ ਆਪਣੀ ਨਿਸ਼ਚਿਤ ਕੀਤੀ ਐੱਮ ਐੱਸ ਪੀ ਹੁੰਦੀ ਹੈ। ਸੀਜ਼ਨ 'ਚ ਫਰੂਟ ਸਟੈਂਡ ਤਕਰੀਬਨ ਹਰ ਫਾਰਮਰ ਲਗਾਉਂਦਾ ਹੈ। ਇਸ ਲਈ ਸਿਟੀ ਤੋਂ ਲਸੰਸ ਲੈਂਦਾ ਹੈ। ਕਈ ਕਿਸਾਨ ਆਪਣੇ ਫਰੂਟ ਸਟੈਂਡ ਉੱਤੇ ਕੇਵਲ ਆਪਣੇ ਫਲ ਹੀ ਵੇਚਦੇ ਹਨ। ਕਈ ਫਰੂਟ ਸਟੈਂਡ ਉੱਤੇ ਆਪਣੇ ਫਲਾਂ ਤੋਂ ਇਲਾਵਾ ਹੋਰ ਸੀਜ਼ਨ ਦੇ ਫਲ ਅਤੇ ਸਬਜ਼ੀਆਂ ਵੀ ਰੱਖਦੇ ਹਨ। ਬਹੁਤੇ ਛੋਟੇ ਫਾਰਮਰ ਫਰੂਟ ਸਟੈਂਡ ਤੋਂ ਗੁਜ਼ਾਰੇ ਜੋਗੀ ਕਮਾਈ ਕਰ ਲੈਂਦੇ ਹਨ। ਜਿਹੜੀ ਕਮਾਈ ਹੁੰਦੀ ਹੈ, ਉਹ ਉਹਨਾ ਦੀ ਜੇਬ ਵਿੱਚ ਜਾਂਦੀ ਹੈ। ਉਹ ਸਰਕਾਰ ਨੂੰ ਕਮਾਈ 'ਚੋਂ ਟੈਕਸ ਨਹੀਂ ਦਿੰਦੇ। ਬਲਕਿ ਉਹ ਲੈਂਦੇ ਹੀ ਨਹੀਂ। ਪੰਜਾਬ 'ਚ ਵੀ ਕਈ ਸਬਜ਼ੀ ਬੀਜਣ ਵਾਲੇ ਕਿਸਾਨ ਆਪਣੀਆਂ ਸਬਜ਼ੀਆਂ ਸਿੱਧੀਆਂ ਗਾਹਕਾਂ ਨੂੰ ਉਦੋਂ ਵੇਚਣ ਲੱਗ ਪੈਂਦੇ ਹਨ, ਜਦੋਂ ਮੰਡੀ 'ਚੋਂ ਉਹਨਾ ਨੂੰ ਫਸਲ ਦਾ ਹੇਠਲੇ ਦਰਜੇ ਦਾ ਸਮੱਰਥਨ ਮੁੱਲ ਵੀ ਨਹੀਂ ਮਿਲਦਾ। ਪੀਚ, ਚੈਰੀ, ਸੇਬ, ਆੜੂ, ਬੇਰੀ ਆਦਿ ਫਰੂਟ ਸਟੈਂਡ 'ਤੇ ਵੇਚਣ ਵਾਲਾ ਫਾਰਮਰ ਦਿਨ 'ਚ 500 ਤੋਂ 800 ਡਾਲਰ ਕਮਾ ਲੈਂਦਾ ਹੈ। ਕਈ ਵਾਰ ਇਹ ਕਮਾਈ 1500 ਡਾਲਰ ਵੀ ਹੋ ਜਾਂਦੀ ਹੈ। ਜਿਹੜੇ ਫਰੂਟ ਸਟੈਂਡ ਪੁਰਾਣੇ ਜਾਂ ਵਧੀਆ ਲੋਕੇਸ਼ਨ 'ਤੇ ਹੁੰਦੇ ਹਨ ਤੇ ਉਹਨਾਂ ਕੋਲ ਕਈ ਤਰ੍ਹਾਂ ਦੇ ਫਲ/ਸਬਜ਼ੀਆਂ ਤੇ ਹੋਰ ਚੀਜ਼ਾਂ ਹੁੰਦੀਆਂ ਹਨ, ਉਹ ਦਿਨ 'ਚ 2000 ਤੋਂ 3000 ਤੱਕ ਡਾਲਰ ਕਮਾ ਲੈਂਦੇ ਹਨ। ਇੱਕ ਤਰ੍ਹਾਂ ਨਾਲ ਉਹਨਾ ਦੀ ਸੀਜ਼ਨ 'ਚ ਕਮਾਈ 2-3 ਲੱਖ ਡਾਲਰ ਹੋ ਜਾਂਦੀ ਹੈ।

ਵਰਨਨ ਦੇ ਇੱਕ ਫਾਰਮਰ ਕਮਲਜੀਤ ਬੱਧਨ ਨੇ ਦੱਸਿਆ, 'ਮੈਂ ਪਹਿਲੀ ਵਾਰ ਨਵੇਂ ਥਾਂ ਫਰੂਟ ਸਟੈਂਡ ਲਗਾਇਆ, ਮੇਰੇ ਕੋਲ ਵੇਚਣ ਲਈ ਆੜੂ, ਚੈਰੀ, ਐਪਲ, ਬੇਰੀ ਤੇ ਇੱਕ-ਦੋ ਹੋਰ ਫਲਾਂ ਦੀਆਂ ਕਿਸਮਾਂ ਸਨ ਤੇ ਮੇਰੀ ਕਮਾਈ ਇੱਕ ਦਿਨ 'ਚ 500 ਤੋਂ 700 ਡਾਲਰ ਹੁੰਦੀ ਸੀ। ਪੰਜ ਕੁ ਮਹੀਨੇ ਮੈਂ ਫਰੂਟ ਸਟੈਂਡ ਲਗਾਇਆ ਤੇ ਅੰਦਾਜ਼ੇ ਨਾਲ ਮੈਂ 50-60 ਹਜ਼ਾਰ ਡਾਲਰ ਕਮਾ ਲਏ ਹੋਣਗੇ।

ਇਸੇ ਤਰ੍ਹਾਂ ਇੱਕ ਵੱਡੇ ਫਰੂਟ ਸਟੈਂਡ ਦੇ ਮਾਲਕ ਗੈਰੀ ਸਿੱਧੂ ਦਾ ਕਹਿਣਾ ਹੈ ਕਿ 'ਬਾਈ! ਪ੍ਰਮਾਤਮਾ ਦੀ ਕ੍ਰਿਪਾ ਨਾਲ ਮੇਰਾ ਫਰੂਟ ਸਟੈਂਡ ਬਹੁਤ ਚੱਲਦਾ ਹੈ। ਅਸੀਂ ਪਰਵਾਰ ਦੇ ਤਿੰਨ-ਚਾਰ ਮੈਂਬਰ ਫਰੂਟ ਸਟੈਂਡ 'ਤੇ ਕੰਮ ਕਰਦੇ ਹਾਂ। ਸਾਡੇ ਨਾਲ ਚਾਰ ਮੈਕਸੀਕੇ ਵੀ ਕੰਮ ਕਰਦੇ ਹਨ। ਉਹ ਫਾਰਮ ਤੋਂ ਫਲ ਤੋੜ ਕੇ ਲਿਆਉਂਦੇ ਹਨ, ਸਬਜ਼ੀਆਂ ਤੋੜਦੇ ਹਨ। ਬਾਕੀ ਫਰੂਟ ਸਟੈਂਡ 'ਤੇ ਸਜਾ ਕੇ ਰੱਖਦੇ ਹਨ ਤੇ ਮੇਰੀ ਦਿਨ ਦੀ ਆਮਦਨ ਤਿੰਨ ਹਜ਼ਾਰ ਡਾਲਰ ਤੱਕ ਪਹੁੰਚ ਜਾਂਦੀ ਹੈ। ਵੀਕ ਐਂਡ 'ਤੇ ਇਹ ਪੰਜ 'ਤੇ ਪਹੁੰਚ ਜਾਂਦੀ ਹੈ। ਮੇਰਾ ਇਹ ਸਟੈਂਡ ਵਧੀਆ ਲੋਕੇਸ਼ਨ ਉੱਤੇ ਹੈ ਅਤੇ ਇੱਥੇ ਆਵਾਜਾਈ ਬਹੁਤ ਹੈ। ਬਾਕੀ ਜਿਵੇਂ ਬੇਰੀ ਕਲੋਨਾ 'ਚ ਨਹੀਂ ਹੁੰਦੀ। ਮੈਂ ਸਰੀ ਤੋਂ ਮੰਗਵਾ ਲੈਂਦਾ ਹਾਂ ਤੇ ਸੇਬ, ਚੈਰੀ, ਨਾਸ਼ਪਾਤੀ ਉਧਰ ਭੇਜਦਾ ਹਾਂ। ਮੇਰੇ ਕੋਲ ਵੀਹ ਏਕੜ ਹਨ। ਮੈਂ ਸਾਰੀ ਫਸਲ ਆਪਣੇ ਫਰੂਟ ਸਟੈਂਡ 'ਤੇ ਵੇਚਦਾ ਹਾਂ। ਪੈਕਿੰਗ ਹਾਊਸ ਵਾਲੇ ਸਾਡੇ ਪੱਲੇ ਕੁਝ ਨਹੀਂ ਪਾਉਂਦੇ।

ਸਰੀ, ਕਲੋਨਾ, ਵਰਨਨ ਤੇ ਹੋਰ ਸ਼ਹਿਰਾਂ 'ਚ ਫਰੂਟ ਸਟੈਂਡ ਦਾ ਟਰੈਂਡ ਬਹੁਤ ਪ੍ਰਚੱਲਤ ਹੋ ਰਿਹਾ ਹੈ। ਕਿਸਾਨ ਦੀ ਜੇਬ 'ਚ ਸਿੱਧੇ ਪੈਸੇ ਆਉਂਦੇ ਹਨ। ਵਿਚੋਲੇ/ਆੜ੍ਹਤੀਏ ਕਿਸਮ ਦੇ ਲੋਕ ਇੱਕ ਪਾਸੇ ਕਰਕੇ ਕਿਸਾਨ ਸਿੱਧੇ ਗਾਹਕ ਕੋਲ ਆਪਣੀ ਫਸਲ ਵੇਚਦੇ ਹਨ, ਪਰ ਫਲ, ਸਬਜ਼ੀਆਂ ਦਾ ਉਤਪਾਦਨ ਐਨਾ ਹੁੰਦਾ ਹੈ ਕਿ ਪੈਕਿੰਗ ਹਾਊਸ ਤੱਕ ਉਹਨਾ ਨੂੰ ਜਾਣਾ ਪੈਂਦਾ ਹੈ। ਫੇਰ ਵੀ ਫਰੂਟ ਸਟੈਂਡ ਏਥੋਂ ਦੇ ਕਿਸਾਨਾਂ ਲਈ ਆਕਸੀਜਨ ਦਾ ਕੰਮ ਕਰਦਾ ਹੈ।

ਮਾਂ ਦਾ ਕਰਜ਼ਾਈ

ਮੈਂ ਬਹੁਤ ਉਦਾਸ ਰਹਿ ਰਿਹਾ ਹਾਂ। ਇਉਂ ਜਾਪਦਾ ਹੈ, ਜਿਵੇਂ ਕਦੇ ਕਿਸੇ ਖੁਸ਼ੀ ਨੇ ਮਨ ਦੇ ਦਰ 'ਤੇ ਦਸਤਕ ਦਿੱਤੀ ਹੀ ਨਾ ਹੋਵੇ। ਘੋਰ ਉਦਾਸੀ ਨਾਲ ਗੂੜ੍ਹੀ ਰਿਸ਼ਤੇਦਾਰੀ ਜ਼ਰੂਰ ਨਿਭਾਈ ਹੈ, ਪਰ ਨਿਰਾਸ਼ ਕਦੇ ਨਹੀਂ ਹੋਇਆ। ਉਦਾਸ ਹੋਣਾ ਹੀ ਜ਼ਿੰਦਗੀ ਨੂੰ ਗਤੀਸ਼ੀਲ ਰੱਖਦਾ ਹੈ, ਪਰ ਨਿਰਾਸ਼ ਹੋਏ ਮਨੁੱਖ ਦਾ ਜੀਵਨ ਪਿੱਛਲਖੁਰੀ ਹੋ ਤੁਰਦਾ ਹੈ। ਬੇਚੈਨੀ ਹੀ ਤਾਂ ਤੁਹਾਨੂੰ ਕੁੱਝ ਕਰਨ ਦਾ, ਪੁਰਾਣੇ ਦੀ ਤੋੜ-ਭੰਨ ਕਰ ਕੇ ਕੁਝ ਨਵਾਂ ਸਿਰਜਣ ਦਾ ਵਾਹਨ ਬਣਦੀ ਹੈ। ਖੜੋਤ ਨਾਂਅ ਦਾ ਸੰਸਾਰ ਉੱਪਰ ਕੋਈ ਸੱਚ ਹੈ ਨਹੀਂ। ਵਿਕਾਸ ਤੇ ਵਿਨਾਸ਼ ਕਦੇ ਇੱਕ ਦਮ ਨਹੀਂ ਵਾਪਰਦੇ। ਦੋਵੇਂ ਨਿਰੰਤਰ ਗਤੀਸ਼ੀਲ ਰਹਿੰਦੇ ਹਨ, ਉੱਪਰ ਵੱਲ ਜਾਂ ਹੇਠਾਂ ਨਿਵਾਣ ਵੱਲ।

ਉਂਝ ਤਾਂ ਇਸ ਉਦਾਸੀ ਨੇ ਮੇਰੇ ਜਨਮ ਦੇ ਨਾਲ ਹੀ ਜਨਮ ਲਿਆ ਜਾਪਦਾ ਹੈ। ਸ਼ਾਇਦ ਮਾਂ ਦੇ ਗਰਭ ਧਾਰਨ ਸਮੇਂ ਤੋਂ ਇਹ ਉਦਾਸੀ ਮਾਂ ਦੇ ਗਰਭ ਵਿੱਚ ਪਲ ਰਹੀ ਸੀ, ਜਿਸ ਨੇ ਮੇਰੀ ਸਕੀ ਭੈਣ ਬਣ ਕੇ ਮੇਰੇ ਨਾਲ ਹੀ ਜਨਮ ਲਿਆ ਹੋਵੇ। ਸ਼ਾਇਦ! ਮੈਨੂੰ ਇਹੋ ਸੱਚਾਈ ਜਾਪਦੀ ਹੈ।

ਇੱਕ ਵਾਰ ਗੁਰਬਚਨ ਭੁੱਲਰ, ਜਿਸ ਨੂੰ ਮੈਂ ਬਾਈ ਕਹਿ ਕੇ ਹੀ ਬੁਲਾਉਂਦਾ ਰਿਹਾ ਹਾਂ, ਨੇ ਵੀ ਮੇਰੀ ਗੰਭੀਰਤਾ ਉੱਪਰ ਸੱਚੇ ਦਿਲੋਂ ਤਨਜ਼ ਕੱਸੀ ਸੀ, 'ਅਤਰਜੀਤ ਹੱਸਿਆ ਕਰ ਖੁੱਲ੍ਹ ਕੇ ਯਾਰ। ਤੈਨੂੰ ਕਦੇ ਹੱਸਦੇ ਨੂੰ ਨਹੀਂ ਵੇਖਿਆ।' ਹੱਸਣਾ! ਫਿਰ ਖੁੱਲ੍ਹ ਕੇ ਹੱਸਣਾ ਤਾਂ ਮੇਰੇ ਹਿੱਸੇ ਕਦੇ ਆਇਆ ਹੀ ਨਾ। ਹਾਂ ਮੈਂ ਵਰਿਆਮ ਸੰਧੂ ਨੂੰ ਹੱਸਦੇ ਨੂੰ ਵੇਖਦਾ ਸਾਂ। ਜਗਦੀਸ਼ ਵਰਿਆਮ ਨਾਮਧਾਰੀ ਦੇ ਗੁਲਾਬ ਦੀਆਂ ਪੱਤੀਆਂ ਵਾਂਗ ਖਿੜੇ ਚਿਹਰੇ ਨੂੰ ਵੇਖਦਾ ਸਾਂ, ਟਿੱਚਰੋ-ਟਿੱਚਰੀ ਹੁੰਦੇ ਗੁਰਬਚਨ ਭੁੱਲਰ ਨੂੰ ਵੇਖਦਾ ਸਾਂ, ਕਿਵੇਂ ਉਹਨਾਂ ਦੀ ਹਾਸੀ ਸਾਹਿਤਕ ਮਾਹੌਲ ਨੂੰ ਖਿੜਖਿੜਾ ਕੇ ਹੱਸਣ ਤੇ ਛਣਕਣ ਲਾ ਦਿੰਦੀ ਸੀ, ਇੱਕ ਮੈਂ ਸਾਂ, ਜੋ ਲਾਂਭੇ ਹੋ ਕੇ ਚੁੱਪ-ਗੜੁੱਪ ਖੜ੍ਹਾ ਹੋ ਜਾਂਦਾ ਸਾਂ। ਕਿਸੇ ਦੇ ਮਜ਼ਾਕ ਦਾ ਜਵਾਬ ਵੀ ਦੇਣਾ ਨਾ ਆਉਂਦਾ।

ਜਦੋਂ ਸਾਡੀ ਮਾਂ ਨੇ ਸਾਨੂੰ (ਬਲੂਰਾਂ ਨੂੰ) ਪਾਲਣ ਲਈ ਜੇਠ ਦਾ ਚੁੱਲ੍ਹਾ ਸਾਂਭ ਲਿਆ, ਬਗੈਰ ਪਗੜੀ-ਸਗੜੀ ਦੀ ਰਸਮ ਕਰੇ ਤਾਂ ਘਰ ਵਿੱਚ ਸੋਹ ਦਾ ਤੱਕਲਾ ਤਾਂ ਛੱਡੋ, ਸਾਬਤ-ਸਬੂਤੀ ਸੋਹ ਹੀ ਘਰ ਵਿੱਚ ਆ ਵੜੀ। ਤਾਈ ਸਾਡੀ ਪੇਕਿਆਂ ਦੇ ਬੈਠੀ ਸੀ। ਮੇਰੇ ਬਾਪੂ ਦੇ ਕਤਲ ਦੀ ਖਬਰ ਦੇਣ ਜਦੋਂ ਕੋਈ ਬੱਲ੍ਹੋ ਗਿਆ ਸੀ ਤਾਂ ਨਾਨਾ ਕਾਕੂ ਸਿੰਘ (ਤਾਈ ਦਾ ਬਾਪ) ਬੋਲਿਆ ਸੀ, 'ਜਿੱਦਣ ਸਾਰੇ ਮਰ'ਗੇ 'ਕੱਠੀ ਮਕਾਣ ਜਾ ਆਵਾਂਗੇ।'

ਘਰ ਵਿੱਚ ਪੈਦਾ ਹੋਏ ਹਾਲਾਤ ਨੇ ਸਭ ਤੋਂ ਵੱਧ ਬਾਈ ਨਛੱਤਰ (ਤਾਏ ਦਾ ਲੜਕਾ) ਨੂੰ ਝੰਬਿਆ ਹੋਇਆ ਸੀ। ਉਹਦੀ ਮਾਂ ਨੂੰ ਜਿਉਂਦਿਆਂ ਮਜਬੂਰਨ ਰੰਡੇਪਾ ਕੱਟਣ ਲਈ ਪੇਕਿਆਂ ਦੇ ਦਰ 'ਤੇ ਜੋ ਬਿਠਾਇਆ ਹੋਇਆ ਸੀ। ਬਾਈ ਮੇਰੀ ਬੇਬੇ ਨਾਲ ਬਹੁਤ ਦੁਰ-ਸੁਰ ਕਰਦਾ। ਕਈ ਵਾਰ ਗਾਲ੍ਹਾਂ ਕੱਢਣ ਤੱਕ ਚਲਾ ਜਾਂਦਾ। ਸੁਣ-ਸੁਣ ਕੇ ਮੈਂ ਅੰਦਰੇ ਅੰਦਰ ਭੱਠੀ ਵਿੱਚ ਪਾਏ ਦਾਣਿਆਂ ਵਾਂਗ ਭੁਜਦਾ ਰਹਿੰਦਾ। (ਕੋਈ ਦੋਸਤ ਜਾਂ ਵੱਧ ਸਿਆਣੇ ਲੋਕ ਕਹਿ ਸਕਦੇ ਹਨ ਕਿ ਮੈਂ ਆਪਣੇ ਹੀ ਢਿੱਡ ਤੋਂ ਪੱਲਾ ਕਿਉਂ ਚੁੱਕਦਾ ਹਾਂ। ਲੋਕ ਤਾਂ ਵੱਡੀਆਂ-ਵੱਡੀਆਂ ਗੱਲਾਂ ਉੱਤੇ ਪਰਦੇ ਪਾਉਂਦੇ ਹਨ ਤੇ ਮੈਂ ਪਰਦੇ ਚਾਕ ਕਰੀ ਜਾਂਦਾ ਹਾਂ।)

ਜਦੋਂ ਮਾਂ ਆਪਣੇ ਲਾਡਲੇ ਸੁਖਦੇਵ (ਕੀਰਤਨੀਆਂ) ਦੀ ਕਰਤੂਤ ਦਾ ਸੰਤਾਪ ਨਾ ਝੱਲ ਸਕੀ ਤਾਂ ਮੇਰੀ ਮਾਸੀ ਤੇ ਮਾਮੀ ਦੇ ਰੋਕਦਿਆਂ ਰੋਕਦਿਆਂ ਢਿੱਡ ਵਿੱਚ ਮੁੱਕੀਆਂ ਮਾਰ-ਮਾਰ ਅੰਤੜੀਆਂ ਜ਼ਖਮੀ ਕਰ ਲਈਆਂ ਸਨ। ਅੰਤੜੀਆਂ ਦੀ ਟੀ ਬੀ ਨਾਲ ਚੰਡੀਗੜ੍ਹ ਪੀ ਜੀ ਆਈ ਵਿੱਚ 16 ਅਪ੍ਰੈਲ 1972 ਨੂੰ ਉਸ ਦਾ ਭੌਰ ਉਡਾਰੀ ਮਾਰ ਗਿਆ ਸੀ। ਕਿਵੇਂ ਉਹਦੇ ਇਲਾਜ 'ਤੇ ਮੇਰੀ ਤਕਰੀਬਨ ਸਾਰੀ ਤਨਖਾਹ ਲੱਗਦੀ ਰਹੀ, ਇਹ ਤਾਂ ਮੈਂ ਹੀ ਜਾਣਦਾ ਹਾਂ। ਉਹਦੀ ਨੂੰਹ ਤਾਂ 'ਬੁੜ੍ਹੀ 'ਚੋਂ ਮੁਸ਼ਕ ਆਉਂਦੈ' ਕਹਿ ਕੇ ਅਲਵਰ ਚਲੀ ਗਈ ਆਪਣੇ ਫੌਜੀ ਕੋਲ।

ਘਰ ਵਿੱਚ ਬਣੇ ਅਜਿਹੇ ਹਾਲਾਤ ਤਾਂ ਅਸਹਿ ਹੁੰਦੇ ਹੀ, ਬਾਹਰੋਂ ਵੀ ਗਲੀ-ਗੁਆਂਢ ਦੇ ਮੁੰਡੇ ਆਰਾਂ ਲਈ ਖੜ੍ਹੇ ਹੁੰਦੇ ਤੇ ਮੇਰੀ ਮਾਂ ਦੀਆਂ ਗੱਲਾਂ ਕਰ-ਕਰ ਆਰਾਂ ਧੁਰ ਮੇਰੀ ਰੂਹ ਵਿੱਚ ਧਸਾ ਦਿੰਦੇ। ਇਸ ਦਰਦ ਨੂੰ ਮਾਪਣ ਵਾਲਾ ਪੈਮਾਨਾ ਸ਼ਾਇਦ ਕਿਸੇ ਟਾਂਵੇਂ ਬੁੱਧੀਜੀਵੀ ਕੋਲ ਹੋਵੇ, ਕਹਿ ਨਹੀਂ ਸਕਦਾ, ਪਰ ਇਸ ਦਰਦ ਨੂੰ ਗੈਸੀ ਗੁਬਾਰੇ ਵਾਂਗ ਹਵਾ ਵਿੱਚ ਉਡਾ ਕੇ ਤਾੜੀਆਂ ਮਾਰਨ ਵਾਲੇ ਬਹੁਤ ਮਿਲੇ ਹਨ। ਦੁਖਦੀ ਥਾਂ 'ਤੇ ਵੱਜਦੀਆਂ ਆਰਾਂ ਨੇ ਰੂਹ ਦੀ ਉਸ ਥਾਂ ਨੂੰ ਚਕਮਕ ਪੱਥਰ ਤੋਂ ਵੀ ਸਖਤ ਬਣਾ ਦਿੱਤਾ ਹੈ।

ਸਾਡੀ ਅੰਬੋ (ਦਾਦੀ) ਪੂਰੀ ਸਿੰਘਣੀ, ਸਾਢ-ਸੁਥਰੇ ਬਸਤਰ ਤੇ ਗਾਤਰੇ ਪਾਈ ਕਿਰਪਾਨ ਵਿੱਚ ਬੜੀ ਫਬਦੀ ਹੁੰਦੀ ਸੀ, ਪਰ ਅੰਦਰਲੀ ਜ਼ਹਿਰ ਉਗਲੱਛ-ਉਗਲੱਛ ਕੇ ਮੇਰੀ ਆਤਮਾ ਦੇ ਮੂੰਹ ਵਿੱਚ ਤੁੰਨੀ ਜਾਂਦੀ, 'ਲੈ ਪਹਿਲਾਂ ਮੇਰਾ ਇੱਕ ਪੁੱਤ ਖਾ ਲਿਆ, ਹੁ

15-Oct-Sunday.qxd 10/14/2023 8:47 PM Page 2

ਹਰਤੋਸ਼ ਬੱਲ

ਅਨੁਵਾਦ : ਬੂਟਾ ਸਿੰਘ

ਘੱਟ ਗਿਣਤੀਆਂ ਦੇ 'ਹੱਕਾਂ' ਦੀ ਜ਼ਮੀਨੀ ਹਕੀਕਤ

ਇਸ ਸਮੇਂ ਸੱਤਾਧਾਰੀ ਭਾਜਪਾ ਦਾ ਸੰਸਦ ਵਿਚ ਕੋਈ ਵੀ ਮੁਸਲਮਾਨ ਸੰਸਦ ਮੈਂਬਰ ਨਹੀਂ। 543 ਵਿੱਚੋਂ 301 ਸੰਸਦ ਮੈਂਬਰ ਲੋਕ ਸਭਾ ਵਿਚ ਸੱਤਾਧਾਰੀ ਪਾਰਟੀ ਦੀ ਮਜ਼ਬੂਤ ਪਕੜ ਬਣਾਉਂਦੇ ਹਨ। ਇਸ ਤਰ੍ਹਾਂ ਦੂਜੀਆਂ ਪਾਰਟੀਆਂ ਦੇ ਸੰਸਦ ਮੈਂਬਰਾਂ ਦੀ ਨੀਤੀ ਬਣਾਉਣ ਵਿਚ ਲੱਗਭੱਗ ਕੋਈ ਭੂਮਿਕਾ ਨਹੀਂ। ਇਸ ਤਰ੍ਹਾਂ ਭਾਰਤ ਦੇ ਲੱਗਭੱਗ 20 ਕਰੋੜ ਨਾਗਰਿਕਾਂ ਨੂੰ ਸੱਚਮੁੱਚ ਬਾਹਰ ਕਰ ਦਿੱਤਾ ਗਿਆ ਹੈ। ਇਹੀ ਹਾਲ ਜ਼ਿਆਦਾਤਰ ਭਾਜਪਾ ਦੀ ਹਕੂਮਤ ਵਾਲੇ ਰਾਜਾਂ ਦਾ ਹੈ। ਆਜ਼ਾਦੀ ਤੋਂ ਬਾਅਦ ਭਾਰਤ ਬਾਰੇ ਜੋ ਸੱਚ ਹੈ, ਉਹ ਇਹ ਹੈ ਕਿ ਮੁਲਕ ਵਿਚ ਸੱਤਾ ਦੇ ਸਾਰੇ ਅੰਗਾਂ- ਵਿਧਾਨ ਪਾਲਿਕਾ, ਨਿਆਂ ਪਾਲਿਕਾ ਅਤੇ ਕਾਰਜ ਪਾਲਿਕਾ ਵਿਚ ਮੁਸਲਮਾਨਾਂ ਦੀ ਘੱਟ-ਨੁਮਾਇੰਦਗੀ ਨੂੰ ਹੁਣ ਭਾਜਪਾ ਦੇ ਅਧੀਨ ਇਕ ਵਧੇਰੇ ਗੰਭੀਰ ਰੂਪ ਵਿਚ ਜਨਤਕ ਨੀਤੀ ਵਜੋਂ ਲਾਗੂ ਕੀਤਾ ਜਾ ਰਿਹਾ ਹੈ।

'1980 ਅਤੇ 2014 ਦਰਮਿਆਨ ਭਾਰਤ ਦੀ ਸੰਸਦ ਦੇ ਹੇਠਲੇ ਸਦਨ ਵਿਚ ਮੁਸਲਮਾਨ ਸੰਸਦ ਮੈਂਬਰਾਂ ਦੀ ਨੁਮਾਇੰਦਗੀ ਤਕਰੀਬਨ ਦੋ-ਤਿਹਾਈ ਘਟ ਗਈ ਹੈ, ਜਦੋਂ ਕਿ ਇਸ ਸਮੇਂ ਦੌਰਾਨ ਆਬਾਦੀ ਵਿਚ ਮੁਸਲਮਾਨਾਂ ਦੀ ਹਿੱਸੇਦਾਰੀ ਵਧੀ ਹੈ।' ਇਹ ਕ੍ਰਿਸਟੋਫ ਜੈਫਰਲੋ ਅਤੇ ਜੀਲਸ ਵਰਨੀਅਰਜ ਨੇ 2018 'ਚ 'ਇੰਡੀਅਨ ਐਕਸਪ੍ਰੈਸ' ਵਿਚ ਲਿਖਿਆ ਸੀ। ਉਸ ਸਮੇਂ ਲੋਕ ਸਭਾ ਵਿਚ ਮੁਸਲਿਮ ਮੈਂਬਰਾਂ ਦੀ ਗਿਣਤੀ 19 ਸੀ, ਜੋ 1952 ਤੋਂ ਬਾਅਦ ਸਭ ਤੋਂ ਘੱਟ ਹੈ। ਜੈਫਰਲੋ ਅਤੇ ਵਰਨੀਅਰਜ ਲਿਖਦੇ ਹਨ, 'ਇਸ ਬਦਲਾਅ ਲਈ ਭਾਜਪਾ ਖ਼ਾਸ ਤੌਰ 'ਤੇ ਜ਼ਿੰਮੇਵਾਰ ਹੈ, ਜਿਸ ਨੇ 1980 ਤੋਂ ਲੈ ਕੇ ਹੁਣ ਤੱਕ ਆਮ ਚੋਣਾਂ ਵਿਚ ਸਿਰਫ਼ 20 ਮੁਸਲਿਮ ਉਮੀਦਵਾਰ ਖੜ੍ਹੇ ਕੀਤੇ ਹਨ, ਜਿਨ੍ਹਾਂ ਵਿੱਚੋਂ ਸਿਰਫ਼ ਤਿੰਨ ਹੀ ਜਿੱਤੇ ਹਨ।'

2019 ਵਿਚ ਮੁਸਲਿਮ ਸੰਸਦ ਮੈਂਬਰਾਂ ਦੀ ਗਿਣਤੀ ਵਿਚ ਥੋੜ੍ਹਾ ਵਾਧਾ ਹੋਇਆ,ਪਰ ਇਸ ਦਾ ਭਾਜਪਾ ਨਾਲ ਕੋਈ ਲੈਣਾ-ਦੇਣਾ ਨਹੀਂ ਸੀ ਅਤੇ ਇਸ ਦਾ ਕਾਰਨ ਤ੍ਰਿਣਮੂਲ ਕਾਂਗਰਸ ਅਤੇ ਸਮਾਜਵਾਦੀ ਪਾਰਟੀ ਵਰਗੀਆਂ ਹੋਰ ਪਾਰਟੀਆਂ ਦੇ ਜੇਤੂ ਉਮੀਦਵਾਰ ਸਨ। ਭਾਜਪਾ ਕਾਂਗਰਸ ਉੱਪਰ ਮੁਸਲਮਾਨਾਂ ਨੂੰ ਖ਼ੁਸ਼ ਕਰਨ ਦਾ ਇਲਜ਼ਾਮ ਲਾਉਂਦੀ ਹੈ, ਪਰ ਇਸ ਪਾਰਟੀ ਨੇ ਵੀ ਮੁਲਕ ਵਿਚ ਆਬਾਦੀ ਦੇ ਅਨੁਪਾਤ ਵਿਚ ਕਦੇ ਵੀ ਮੁਸਲਿਮ ਉਮੀਦਵਾਰ ਖੜ੍ਹੇ ਨਹੀਂ ਕੀਤੇ।

ਸੱਤਾ ਤੋਂ ਵਾਂਝੇ ਰਹਿਣ ਨਾਲ ਇਹ ਯਕੀਨੀ ਹੁੰਦਾ ਹੈ ਕਿ ਪਹੁੰਚ ਦੇ ਸਾਰੇ ਗ਼ੈਰ-ਰਸਮੀ ਸਾਧਨ ਰਿਸ਼ਤੇਦਾਰਾਂ ਅਤੇ ਭਾਈਚਾਰਕ ਤਾਣੇਬਾਣੇ ਦੇ ਜ਼ਰੀਏ ਵੀ ਬੰਦ ਹੋ ਰਹੇ ਹਨ, ਜੋ ਭਾਰਤ ਵਿਚ ਜਿਉਣ ਦਾ ਇਕ ਜ਼ਰੀਆ ਹੈ। ਇਹ ਅਹਿਸਾਨ ਜਾਫ਼ਰੀ ਕਾਂਡ ਵਿਚ ਦਿਖਾਈ ਦੇ ਰਿਹਾ ਸੀ, ਕਿਉਂਕਿ ਉਸ ਦੀ ਆਵਾਜ਼ ਅਣਸੁਣੀ ਕਰ ਦਿੱਤੀ ਗਈ।

ਮੋਦੀ ਅਤੇ ਉਸ ਦੇ ਹਮਾਇਤੀ ਲੰਮੇ ਸਮੇਂ ਤੋਂ ਇਹ ਦਲੀਲ ਦਿੰਦੇ ਆ ਰਹੇ ਹਨ ਕਿ ਵਿਕਾਸ ਭਾਈਚਾਰਿਆਂ ਵਿਚ ਵਿਤਕਰਾ ਨਹੀਂ ਕਰਦਾ, ਇਹ ਮੁਸਲਮਾਨਾਂ ਨੂੰ ਧਿਆਨ 'ਚ ਰੱਖ ਕੇ ਬਣਾਈਆਂ ਵਿਕਾਸ ਯੋਜਨਾਵਾਂ ਦਾ ਵਿਰੋਧ ਕਰਨ ਦਾ ਇਕ ਬਹਾਨਾ ਹੈ। ਵਿਕਾਸ ਨਾਲ ਜੁੜੇ ਅਰਥ ਸ਼ਾਸਤਰੀਆਂ ਦੇ ਜ਼ਰੀਏ ਵੀ ਇਹ ਅਫ਼ਵਾਹ ਵੱਡੀ ਗਿਣਤੀ 'ਚ ਦੁਹਰਾਈ ਗਈ ਹੈ, ਕਿਉਂਕਿ ਉਨ੍ਹਾਂ ਕੋਲ ਅਜਿਹੀਆਂ ਅਸਮਾਨਤਾਵਾਂ ਦਾ ਅਧਿਐਨ ਕਰਨ ਲਈ ਵਸੀਲਿਆਂ ਅਤੇ ਅੰਕੜਿਆਂ ਦੀ ਘਾਟ ਹੈ।

ਮੋਦੀ ਦੇ ਪੁਰਾਣੇ ਵਿਧਾਨ ਸਭਾ ਖੇਤਰ ਮਣੀਨਗਰ ਦਾ ਮਾਮਲਾ ਇਸ ਸਿਧਾਂਤ ਵਿਚ ਛੇਕ ਕਰ ਦਿੰਦਾ ਹੈ, ਜਿਵੇਂ ਕਿ ਮੈਂ 'ਦੀ ਨਿਊ ਯਾਰਕ ਟਾਈਮਜ਼' ਲਈ 2013 'ਚ ਲਿਖੇ ਇਕ ਲੇਖ ਵਿਚ ਲਿਖਿਆ ਸੀ। ਅਹਿਮਦਾਬਾਦ ਵਿਚ ਸਥਿਤ ਮਣੀਨਗਰ ਜ਼ਿਆਦਾਤਰ ਮੱਧ ਵਰਗੀ ਇਲਾਕਾ ਹੈ। 'ਪਰ ਮਿੱਲਤ ਨਗਰ ਦੀਆਂ ਸੜਕਾਂ 'ਚ ਟੋਏ ਹੀ ਟੋਏ ਹਨ, ਜਿਸ ਨੂੰ ਮਣੀਨਗਰ ਦਾ ਦਿਲ ਕਿਹਾ ਜਾਂਦਾ ਹੈ ਅਤੇ ਜੋ 20,000 ਮੁਸਲਮਾਨਾਂ ਦਾ ਘਰ ਹੈ।'

2007 ਵਿਚ ਖੇਤਰ ਦੇ ਮੇਰੇ ਪਹਿਲੇ ਦੌਰੇ 'ਤੇ ਵਸਨੀਕਾਂ ਨੇ ਦੱਸਿਆ ਕਿ ਜ਼ਿਆਦਾਤਰ ਘਰਾਂ ਵਿਚ ਪੀਣ ਵਾਲਾ ਪਾਣੀ ਨਹੀਂ ਅਤੇ ਨਾ ਹੀ ਮੋਦੀ ਤੇ ਨਾ ਹੀ ਕੋਈ ਹੋਰ ਭਾਜਪਾ ਮੈਂਬਰ ਕਦੇ ਉਨ੍ਹਾਂ ਨੂੰ ਆ ਕੇ ਮਿਲਿਆ। ਮੈਂ 2012 ਦੀਆਂ ਰਾਜ ਸਭਾ ਚੋਣਾਂ ਦੌਰਾਨ ਇਸ ਇਲਾਕੇ 'ਚ ਮੁੜ ਗਿਆ ਅਤੇ ਦੇਖਿਆ, 'ਇਲਾਕੇ ਵਿਚ ਕੁਝ ਵੀ ਨਹੀਂ ਬਦਲਿਆ, ਸਿਵਾਏ ਸੜਕਾਂ ਅਤੇ ਸੀਵਰੇਜ ਉੱਪਰ ਕੀਤੇ ਕੁਝ ਕੰਮ ਦੇ, ਜੋ 2011 ਵਿਚ ਨਗਰ ਨਿਗਮ ਚੋਣਾਂ ਵਿਚ ਕਾਂਗਰਸ ਦੀ ਟਿਕਟ 'ਤੇ ਚੁਣੇ ਗਏ ਇਲਾਕੇ ਦੇ ਕੁਝ ਮੁਸਲਮਾਨਾਂ ਦੁਆਰਾ ਸ਼ੁਰੂ ਕੀਤਾ ਗਿਆ ਸੀ।' ਫਿਰ ਵੀ ਮੁਸਲਮਾਨਾਂ ਨੂੰ ਛੱਡ ਕੇ, ਜਿਨ੍ਹਾਂ ਕੋਲ ਮਣੀਨਗਰ 'ਚ ਸਿਰਫ਼ 8 ਫ਼ੀਸਦੀ ਵੋਟ ਹਨ, ਬਾਕੀ ਸਾਰੇ ਇਲਾਕਿਆਂ 'ਤੇ ਧਿਆਨ ਕੇਂਦਰਤ ਕਰਕੇ ਮੋਦੀ ਨੇ ਆਪਣੇ ਹਲਕੇ 'ਚ 77 ਫ਼ੀਸਦੀ ਵੋਟਾਂ ਹਾਸਲ ਕੀਤੀਆਂ।

ਵਸੋਂ ਦੇ ਇਕ ਹਿੱਸੇ ਨੂੰ ਖ਼ਾਸ ਬਸਤੀਆਂ 'ਚ ਸੀਮਤ ਕਰਨਾ, ਮੁਸਲਮਾਨਾਂ ਨੂੰ ਸਹੂਲਤਾਂ ਤੋਂ ਵਾਂਝੇ ਰੱਖਣ ਦਾ ਇਕ ਹੋਰ ਜ਼ਰੀਆ ਬਣ ਗਿਆ ਹੈ। ਇਸ ਦੇ ਨਾਲ ਹੀ ਸਾਡੀ ਬਹੁਮਤ ਪ੍ਰਣਾਲੀ ਨੇ ਮੁਸਲਮਾਨਾਂ ਨੂੰ ਜਾਣ-ਬੁੱਝ ਕੇ ਹਾਸ਼ੀਏ 'ਤੇ ਰੱਖਿਆ ਹੈ। ਮੋਦੀ ਦੀ ਪਾਰਟੀ ਵੱਲੋਂ ਭੜਕਾਏ ਗਏ ਕੱਟੜਤਾ ਦੇ ਇਸ ਮਾਹੌਲ ਵਿਚ ਦੂਜੀਆਂ ਪਾਰਟੀਆਂ ਨੇ ਵੀ ਅਜਿਹਾ ਹੀ ਕੀਤਾ ਹੈ ਅਤੇ ਮੁਸਲਮਾਨ ਉਮੀਦਵਾਰਾਂ ਨੂੰ ਓਨੀ ਗਿਣਤੀ ਵਿਚ ਚੋਣਾਂ 'ਚ ਟਿਕਟਾਂ ਨਹੀਂ ਦਿੱਤੀਆਂ, ਜਿੰਨੀਆਂ ਉਹ ਕਦੇ ਦਿੰਦੇ ਰਹੇ ਸਨ। ਇਹ ਇਕ ਅਜਿਹਾ ਅਮਲ ਹੈ, ਜੋ ਖ਼ੁਦ ਨੂੰ ਪ੍ਰਫੁੱਲਤ ਕਰਦਾ ਹੈ। ਮੁਸਲਮਾਨਾਂ ਕੋਲ ਹੁਣ ਜਿੰਨੀ ਘੱਟ ਤਾਕਤ ਹੈ, ਭਵਿੱਖ ਵਿਚ ਉਨ੍ਹਾਂ ਦੀ ਤਾਕਤ ਓਨੀ ਹੀ ਘੱਟ ਹੋਵੇਗੀ।

ਆਪਣੀ ਸਥਾਪਨਾ ਦੇ ਸਮੇਂ ਤੋਂ ਹੀ ਆਰ ਐੱਸ ਐੱਸ ਨੇ ਹਿੰਦੂ ਰਾਸ਼ਟਰ ਦੀ ਆਪਣੀ ਧਾਰਨਾ ਨੂੰ ਮੁਸਲਮਾਨਾਂ ਪ੍ਰਤੀ ਘੋਰ ਨਫ਼ਰਤ ਨਾਲ ਜੋੜਿਆ ਹੈ। ਮੁਸਲਮਾਨਾਂ ਪ੍ਰਤੀ ਰੋਜ਼ਮਰ੍ਹਾ ਦੀ ਨਫ਼ਰਤ, ਕੱਟੜਤਾ ਅਤੇ ਉਨ੍ਹਾਂ ਨੂੰ ਹਾਸ਼ੀਏ 'ਤੇ ਧੱਕਣ ਲਈ ਇਸਤੇਮਾਲ ਕੀਤੀ ਜਾ ਰਹੀ ਸਰੀਰਕ ਤੇ ਮਨੋਵਿਗਿਆਨਕ ਹਿੰਸਾ ਅੱਪਵਾਦ ਨਹੀਂ ਹੈ, ਸਗੋਂ ਇਹ ਆਰ ਐੱਸ ਐੱਸ ਦੇ ਲੰਮੇ ਸਮੇਂ ਤੋਂ ਚਲੇ ਆ ਰਹੇ ਵਿਚਾਰਾਂ ਦੇ ਅਨੁਸਾਰੀ ਹੀ ਹੈ।

'ਡਾ. ਹੈਡਗੇਵਾਰ: ਦੀ ਇਪਾਕ ਮੇਕਰ' (ਯੁੱਗ-ਪੁਰਸ਼ ਡਾ. ਹੈਡਗੇਵਾਰ) ਵਿਚ ਆਰ ਐੱਸ ਐੱਸ ਦੇ ਉੱਘੇ ਮੈਂਬਰ ਦੇਸ਼ਪਾਂਡੇ ਅਤੇ ਐੱਸ ਆਰ ਰਾਮਾਸਵਾਮੀ ਲਿਖਦੇ ਹਨ, "ਸੰਘ ਦੀ ਸਥਾਪਨਾ ਤੋਂ ਪਹਿਲਾਂ, 1925 ਵਿਚ ਹੈਡਗੇਵਾਰ ਕੁਝ ਬੁਨਿਆਦੀ ਸਵਾਲਾਂ ਦੇ ਜਵਾਬ ਲੱਭਣ ਵਿਚ ਰੁਝੇ ਹੋਏ ਸਨ, ਜਿਵੇਂ, ਸਾਡੇ ਭਾਈਚਾਰੇ ਦੇ ਇਨ੍ਹਾਂ ਸਾਲਾਂ ਵਿਚ ਕੀ ਮੁਸਲਮਾਨਾਂ ਨੇ ਕਦੇ ਸਾਡੇ ਕਿਸੇ ਕਦਮ 'ਤੇ ਸਕਾਰਾਤਮਕ ਪ੍ਰਤੀਕ੍ਰਮ ਦਿੱਤਾ ਹੈ? ਕੀ ਉਸ ਵਿਚ ਹਿੰਦੂ ਸਮਾਜ ਪ੍ਰਤੀ ਕੋਈ ਗਰਮਜੋਸ਼ੀ ਪੈਦਾ ਹੋਈ ਹੈ? ਕੀ ਉਨ੍ਹਾਂ ਸਹਿਣਸ਼ੀਲਤਾ, 'ਜੀਓ ਤੇ ਜੀਣ ਦਿਓ' ਦੀ ਹਿੰਦੂ ਪਰੰਪਰਾ ਨੂੰ ਦੁਹਰਾਇਆ ਹੈ? ਕੀ ਉਨ੍ਹਾਂ ਭਾਰਤ ਮਾਂ ਨੂੰ ਸ਼ਰਧਾਂਜਲੀ ਦੇਣ 'ਚ ਸਾਡੇ ਨਾਲ ਸ਼ਾਮਲ ਹੋਣ ਦੀ ਮਾਮੂਲੀ ਇੱਛਾ ਵੀ ਦਿਖਾਈ ਹੈ?"

ਅਜਿਹੇ ਬੇਤੁਕੇ ਸੂਤਰੀਕਰਨ ਇਨ੍ਹਾਂ ਸਾਲਾਂ 'ਚ ਸੰਘ ਦੀ ਕੱਟੜਤਾ ਦੀ ਮੁੱਖ ਖ਼ੁਰਾਕ ਬਣ ਗਏ। ਇਕ ਹੋਰ ਜੀਵਨੀਕਾਰ ਸੀ ਪੀ ਭਿਸ਼ੀਕਰ, ਜੋ ਆਰ ਐੱਸ ਐੱਸ ਨਾਲ ਵੀ ਜੁੜਿਆ ਹੋਇਆ ਹੈ, ਵਧੇਰੇ ਸਪੱਸ਼ਟ ਹੈ, ਜਦੋਂ ਉਹ ਕਹਿੰਦਾ ਹੈ ਕਿ ਹੈਡਗੇਵਾਰ ਨੇ ਮੁਸਲਮਾਨਾਂ ਨੂੰ 'ਯਵਨੀ ਸਾਂਪ' (ਬਦੇਸ਼ੀ ਨਾਗ) ਕਿਹਾ ਸੀ।

ਮੁਸਲਮਾਨਾਂ ਬਾਰੇ ਹੈਡਗੇਵਾਰ ਦੇ ਨਜ਼ਰੀਏ ਨੂੰ ਵਿਚਾਰਧਾਰਕ ਸਰੂਪ ਵੀ ਡੀ ਸਾਵਰਕਰ ਦੇ 'ਹਿੰਦੂਤਵ : ਹੂ ਇਜ਼ ਹਿੰਦੂ?' ਨੇ ਦਿੱਤਾ। ਦੇਸ਼ਪਾਂਡੇ ਅਤੇ ਰਾਮਾਸਵਾਮੀ ਲਿਖਦੇ ਹਨ, "ਸਾਵਰਕਰ ਦੀ 'ਹਿੰਦੂਤਵ' ਦੀ ਧਾਰਨਾ ਦੀ ਪ੍ਰੇਰਨਾਦਾਇਕ ਅਤੇ ਸ਼ਾਨਦਾਰ ਵਿਆਖਿਆ ਨੇ, ਜੋ ਅਕੱਟ ਦਲੀਲ ਅਤੇ ਸਪੱਸ਼ਟਤਾ ਵਾਲੀ ਸੀ, ਡਾਕਟਰ ਜੀ ਦੇ ਦਿਲ ਨੂੰ ਟੁੰਬਿਆ।" ਸੰਘ ਦੇ ਅੰਦਰੂਨੀ ਸੂਤਰਾਂ ਵੱਲੋਂ 'ਸ਼ਾਨਦਾਰ' ਅਤੇ 'ਅਕੱਟ' ਵਰਗੇ ਸ਼ਬਦਾਂ ਦੀ ਵਰਤੋਂ ਸਾਵਰਕਰ ਦੇ ਗੁਰ ਦੇ ਮਾੜੇ ਕਿਰਦਾਰ ਉੱਪਰ ਪਰਦਾ ਪਾਉਣ ਲਈ ਹੈ। ਅੰਗਰੇਜ਼ਾਂ ਨੂੰ ਵਾਰ-ਵਾਰ ਰਹਿਮ ਦੀ ਅਪੀਲ ਕਰਨ ਤੋਂ ਬਾਅਦ ਸਾਵਰਕਰ ਨੂੰ ਜੇਲ੍ਹ ਤੋਂ ਰਿਹਾਅ ਕਰ ਦਿੱਤਾ ਗਿਆ ਅਤੇ ਉਸ ਦੀ ਕਿਤਾਬ ਬਸਤੀਵਾਦੀ ਰਾਜ ਦੀ ਅਸਲੀਅਤ ਬਾਰੇ ਕੁਝ ਨਹੀਂ ਕਹਿੰਦੀ। ਦਰਅਸਲ ਬਰਤਾਨੀਆ ਪ੍ਰਤੀ ਵਫ਼ਾਦਾਰੀ ਦੀ ਕਸਮ ਖਾਣ ਵਾਲੇ ਕਿਸੇ ਸ਼ਖ਼ਸ ਦੁਆਰਾ ਲਿਖੀ ਗਈ ਇਹ ਕਿਤਾਬ ਕੁਝ ਇਸ ਤਰ੍ਹਾਂ ਲਿਖੀ ਗਈ ਹੈ, ਜੋ ਹਿੰਦੂਆਂ ਨੂੰ ਅੰਦਰੂਨੀ ਅਤੇ ਮੁਸਲਮਾਨਾਂ ਨੂੰ ਬਾਹਰਲਿਆਂ ਵਜੋਂ ਪੇਸ਼ ਕਰਦੀ ਹੈ।

ਸਾਵਰਕਰ ਇਕ ਰਾਜਨੀਤਕ ਸ਼ਖ਼ਸ ਸੀ ਅਤੇ ਹਿੰਦੂ ਮਹਾਂ ਸਭਾ ਦੇ ਮੁਖੀ ਵਜੋਂ ਉਹ ਉਸ ਸੰਘ ਦਾ ਹਿੱਸਾ ਸੀ, ਜਿਸ ਨੂੰ ਅਸੀਂ ਅੱਜ ਸੰਘ ਪਰਵਾਰ ਕਹਿੰਦੇ ਹਾਂ, ਜਿਵੇਂ ਕਿ ਧੀਰੇਂਦਰ ਕੇ ਝਾਅ ਨੇ ਨੱਥੂਰਾਮ ਗੋਡਸੇ ਬਾਰੇ ਦੀ 'ਕਾਰਵਾਂ' ਲਈ ਲਿਖੇ ਆਪਣੇ ਖੋਜ ਭਰਪੂਰ ਲੇਖ ਵਿਚ ਲਿਖਿਆ ਹੈ, ਐੱਮ ਕੇ ਗਾਂਧੀ ਦੇ ਕਤਲ ਤੋਂ ਪਹਿਲਾਂ ਦੇ ਸਾਲਾਂ ਵਿਚ ਮਹਾਂ ਸਭਾ ਅਤੇ ਆਰ ਐੱਸ ਐੱਸ ਵਿਚ ਤਕਰੀਬਨ ਕੋਈ ਅੰਤਰ ਨਹੀਂ ਸੀ, ਬਹੁਤ ਸਾਰੇ ਸੀਨੀਅਰ ਆਗੂ ਇੱਕੋ ਸਮੇਂ ਦੋਹਾਂ ਜਥੇਬੰਦੀਆਂ ਦਾ ਹਿੱਸਾ ਸਨ। ਕਤਲ ਤੋਂ ਬਾਅਦ ਹੀ ਇਸ ਦੇ ਨਤੀਜਿਆਂ ਤੋਂ ਬਚਣ ਲਈ ਆਰ ਐੱਸ ਐੱਸ ਨੇ ਮਹਾਂ ਸਭਾ ਤੋਂ ਆਪਣੇ ਵੱਖ ਹੋਣ ਦੀ ਕਹਾਣੀ ਘੜਨ ਦੀ ਕੋਸ਼ਿਸ਼ ਕੀਤੀ।

ਸਾਵਰਕਰ ਨੇ ਹਿੰਦੂ ਮਹਾਂ ਸਭਾ ਦੇ ਬਾਨੀ ਪ੍ਰਧਾਨ ਵਜੋਂ ਜੋ ਭਾਸ਼ਣ ਦਿੱਤਾ ਸੀ, ਉਸ ਵਿਚ ਉਸ ਨੇ 'ਹਿੰਦੂ ਕੌਣ ਹੈ?' ਉੱਪਰ ਆਪਣਾ ਰੁਖ ਸਪੱਸ਼ਟ ਕਰਦਿਆਂ ਕਿਹਾ ਸੀ, 'ਹਰ ਕੋਈ ਜੋ ਸਿੰਧੂ ਤੋਂ ਲੈ ਕੇ ਸਮੁੰਦਰ ਤੱਕ ਭਾਰਤ ਦੀ ਇਸ ਧਰਤੀ ਨੂੰ ਆਪਣੀ ਜਨਮ-ਭੂਮੀ ਅਤੇ ਪਵਿੱਤਰ-ਭੂਮੀ ਮੰਨਦਾ ਹੈ ਅਤੇ ਉਸ ਉੱਪਰ ਦਾਅਵਾ ਕਰਦਾ ਹੈ, ਉਹ ਹਿੰਦੂ ਹੈ।' ਹੈਡਗੇਵਾਰ ਦੀ ਭਾਰਤ-ਮਾਂ ਦੀ ਧਾਰਨਾ ਅਤੇ ਸਾਵਰਕਰ ਦੀ ਪਿਤਰ-ਭੂਮੀ ਦੀ ਧਾਰਨਾ ਵਿਚਕਾਰ ਟਕਰਾਅ ਓੜਕ 'ਮਾਂ' ਸ਼ਬਦ ਦੇ ਹੱਕ ਵਿਚ ਹੱਲ ਹੋ ਗਿਆ ਸੀ, ਪਰ ਕਿਸੇ ਵੀ ਤਰੀਕੇ ਨਾਲ ਇਸ ਦਾ ਮਤਲਬ ਬਾਈਕਾਟ ਸੀ। ਸਾਵਰਕਰ ਨੇ ਕਿਹਾ, 'ਜਿਵੇਂ ਕਿ ਹਿੰਦੂਤਵ ਦਾ ਪਹਿਲਾ ਹਿੱਸਾ, ਇਕ ਸਾਂਝੀ ਪਵਿੱਤਰ ਧਰਤੀ ਉੱਪਰ ਕਬਜ਼ਾ, ਭਾਰਤੀ ਮੁਸਲਮਾਨਾਂ, ਯਹੂਦੀਆਂ, ਈਸਾਈਆਂ, ਪਾਰਸੀਆਂ ਆਦਿ ਨੂੰ ਆਪਣੇ ਆਪ ਨੂੰ ਹਿੰਦੂ ਹੋਣ ਦਾ ਦਾਅਵਾ ਕਰਨ ਤੋਂ ਬਾਹਰ ਰੱਖਦਾ ਹੈ, ਜੋ ਅਸਲ ਵਿਚ ਉਹ ਕਰਦੇ ਵੀ ਨਹੀਂ ਹਨ... ਦੂਜੇ ਪਾਸੇ, ਪਰਿਭਾਸ਼ਾ ਦਾ ਦੂਜਾ ਹਿੱਸਾ ਭਾਵ ਇਕ ਸਾਂਝੀ ਪਿਤਰ-ਭੂਮੀ ਹੋਣਾ, ਜਾਪਾਨੀ, ਚੀਨੀ ਅਤੇ ਹੋਰ ਲੋਕਾਂ ਨੂੰ ਹਿੰਦੂ ਧਰਮ ਤੋਂ ਬਾਹਰ ਰੱਖਦਾ ਹੈ।'

ਇਸ ਬਾਈਕਾਟ ਦੀ ਹੈਡਗੇਵਾਰ ਦੇ ਵਾਰਿਸ ਐੱਮ ਐੱਸ ਗੋਲਵਲਕਰ ਨੇ ਹਮਾਇਤ ਕੀਤੀ, ਜਿਸ ਨੇ ਜਰਮਨੀ ਦੀਆਂ ਯਹੂਦੀ ਘੱਟ-ਗਿਣਤੀਆਂ ਨਾਲ ਹਿਟਲਰ ਦੇ ਸਲੂਕ ਦੀ ਖੁੱਲ੍ਹ ਕੇ ਤਾਰੀਫ਼ ਕੀਤੀ। 'ਵੀ ਔਰ ਅਵਰ ਨੇਸ਼ਨਹੁਡ ਡੀਫਾਈਨਡ' (ਅਸੀਂ ਜਾਂ ਸਾਡੀ ਰਾਸ਼ਟਰ ਦੀ ਪ੍ਰੀਭਾਸ਼ਾ) ਵਿਚ ਉਹ ਲਿਖਦਾ ਹੈ, 'ਜਰਮਨੀ ਨੇ ਇਹ ਵੀ ਦਿਖਾਇਆ ਹੈ ਕਿ ਨਸਲਾਂ ਅਤੇ ਸੰਸਕ੍ਰਿਤੀਆਂ ਲਈ, ਜਿਨ੍ਹਾਂ ਵਿਚ ਮੂਲ ਮਤਭੇਦ ਹਨ, ਇਕ ਇਕਜੁੱਟ ਇਕਾਈ ਵਿਚ ਸਮੋਣਾ ਕਿੰਨਾ ਅਸੰਭਵ ਹੈ, ਇਹ ਹਿੰਦੁਸਤਾਨ ਵਿਚ ਸਾਡੇ ਲਈ ਸਿੱਖਣ ਅਤੇ ਲਾਭ ਉਠਾਉਣ ਲਈ ਇਕ ਚੰਗਾ ਸਬਕ ਹੈ।' 2014 ਵਿਚ ਮੋਦੀ ਦੀ ਜਿੱਤ ਤੋਂ ਤੁਰੰਤ ਬਾਅਦ ਆਰ ਐੱਸ ਐੱਸ ਮੁਖੀ ਮੋਹਨ ਭਾਗਵਤ ਨੇ ਇਕ ਬਿਆਨ ਦਿੱਤਾ, ਜਿਸ ਨੂੰ ਇਸ ਇਤਿਹਾਸ ਦੇ ਪ੍ਰਸੰਗ ਵਿਚ ਪੜ੍ਹਿਆ ਜਾਣਾ ਚਾਹੀਦਾ ਹੈ: 'ਹਿੰਦੁਸਤਾਨ ਇਕ ਹਿੰਦੂ ਰਾਸ਼ਟਰ ਹੈ... ਹਿੰਦੂਤਵ ਸਾਡੇ ਰਾਸ਼ਟਰ ਦੀ ਪਛਾਣ ਹੈ ਅਤੇ ਇਹ ਦੂਜਿਆਂ ਨੂੰ ਆਪਣੇ 'ਚ ਸਮੋ ਸਕਦਾ ਹੈ।'

ਇਸ ਤੋਂ ਬਾਅਦ ਜੋ ਵੀ ਹੋਇਆ, ਉਹ ਆਰ ਐੱਸ ਐੱਸ ਦੀ ਇਸ ਵਿਚਾਰਧਾਰਾ ਦੇ ਅਨੁਸਾਰ ਹੈ। ਕੇਂਦਰ ਸਰਕਾਰ ਇਸ ਅਮਲ ਵਿਚ ਭਾਈਵਾਲ ਰਹੀ ਹੈ। ਪ੍ਰਧਾਨ ਮੰਤਰੀ ਖੁਦ ਆਰ ਐੱਸ ਐੱਸ ਤੋਂ ਹੈ ਅਤੇ ਇਸ ਦੇ ਮੁੱਲਾਂ ਨਾਲ ਗੜੁੱਚ ਹੈ। 2008 ਵਿਚ ਉਸ ਨੇ 'ਜੋਤੀਪੁੰਜ: ਬੀਮਜ਼ ਆਫ ਲਾਈਟ' ਨਾਂਅ ਦੀ ਇਕ ਕਿਤਾਬ ਲਿਖੀ, ਜਿਸ ਵਿਚ ਆਰ ਐੱਸ ਐੱਸ ਦੇ 16 ਮੁਖੀਆਂ ਦੀਆਂ ਜੀਵਨੀਆਂ ਹਨ, ਜਿਨ੍ਹਾਂ ਉਸ ਨੂੰ ਪ੍ਰੇਰਿਤ ਕੀਤਾ ਹੈ। ਸਭ ਤੋਂ ਲੰਮਾ ਲੇਖ ਗੋਲਵਲਕਰ ਬਾਰੇ ਸੀ। ਮੋਦੀ ਨੇ ਇਕ ਅਜਿਹੀ ਸਰਕਾਰ ਦੀ ਪ੍ਰਧਾਨਗੀ ਕੀਤੀ ਹੈ, ਜਿਸ ਨੇ ਸੰਘ ਪਰਵਾਰ ਦੇ ਮੈਂਬਰਾਂ ਅਤੇ ਹਿੰਦੂਤਵ ਦੀ ਵਿਚਾਰਧਾਰਾ ਨਾਲ ਜੁੜੇ ਲੋਕਾਂ ਵੱਲੋਂ ਮੁਸਲਮਾਨਾਂ ਵਿਰੁੱਧ ਹਿੰਸਾ ਭੜਕਾਉਣ ਉੱਪਰ ਚੁੱਪ ਧਾਰੀ ਹੋਈ ਹੈ।

2002 ਦੀ ਗੁਜਰਾਤ ਹਿੰਸਾ ਤੋਂ ਲੈ ਕੇ ਮੋਦੀ ਦਾ ਰਾਜਨੀਤਕ ਕੈਰੀਅਰ ਮੁ